

# IMMIGRATION AND YOU. KNOW YOUR RIGHTS

2013 MANUAL FOR CHILDREN

NATIONAL IMMIGRANT JUSTICE CENTER

A HEARTLAND ALLIANCE PROGRAM



# NATIONAL IMMIGRANT JUSTICE CENTER

ਹਾਰਟਲੈਂਡ ਅਲਾਇੰਸ'ਜ਼ ਨੈਸ਼ਨਲ ਇਮੀਗ੍ਰਾਂਟ ਜਸਟਿਸ ਸੈਂਟਰ (ਐਨ ਆਈ ਜੇ ਸੀ) (Heartland Alliance's National Immigrant Justice Center, NIJC) ਮਨੁੱਖੀ ਅਧਿਕਾਰਾਂ ਅਤੇ ਅਪ੍ਰਵਾਸੀਆਂ, ਰਿਫ਼ਊਜ਼ੀਆਂ ਅਤੇ ਸ਼ਰਣ ਦੀ ਮੰਗ ਕਰਨ ਵਾਲਿਆਂ ਲਈ ਕਾਨੂੰਨੀ ਸੇਵਾਵਾਂ, ਨੀਤੀਆਂ ਵਿਚ ਸੁਧਾਰ, ਇੰਪੈਕਟ ਲੀਟੀਗੇਸ਼ਨ ਅਤੇ ਜਨਤਕ ਸਿੱਖਿਆ ਦੇ ਰਾਹੀਂ ਨਿਆਂ ਤੱਕ ਪਹੁੰਚਸ਼ੀਲਤਾ ਨੂੰ ਉਤਸ਼ਾਹਤ ਕਰਦਾ ਹੈ।

NATIONAL IMMIGRANT JUSTICE CENTER
A HEARTLAND ALLIANCE PROGRAM


National Immigrant Justice Center
(ਨੈਸ਼ਨਲ ਇਮੀਗਰਾਂਟ ਜਸਟਿਸ ਸੈਂਟਰ)
208 South LaSalle Street, Suite 1818
Chicago, Illinois 60604
ਫ਼ੋਨ 312-660-1370
ਫ਼ੈਕਸ 312-660-1506
www.immigrantjustice.org


ਕਿਰਪਾ ਕਰਕੇ ਨੋਟ ਕਰੋ:- ਇਹ ਮੈਨੂਅਲ ਅਵਿਅਸਕਾਂ ਨੂੰ ਯੂ.ਐਸ. ਦੀ ਅਪ੍ਰਵਾਸ ਪ੍ਰਣਾਲੀ ਦੇ ਬਾਰੇ ਕੇਵਲ ਇਕ ਜਾਣ ਪਛਾਣ ਦੇ ਮਕਸਦ ਦੀ ਪੂਰਤੀ ਹੈ। ਇਹ ਅਪ੍ਰਵਾਸ ਨਾਲ ਜੁੜੇ ਅਭਿਆਸਾਂ ਅਤੇ ਕਾਰਵਾਈਆਂ ਦੇ ਸਾਰੇ ਪੱਖਾਂ ਬਾਰੇ ਵਿਚਾਰ ਨਹੀਂ ਕਰਦਾ ਹੈ। ਕਿਸੇ ਤਰ੍ਹਾਂ ਦੇ ਮਾਰਗਦਰਸ਼ਨ ਅਤੇ ਮੌਜੂਦਾ ਕਾਨੂੰਨ ਅਤੇ ਪ੍ਰਕ੍ਰਿਆ ਦੇ ਨਾਲ ਸੰਬੰਧਤ ਅਤਿਰਿਕਤ ਸੁਆਲਾਂ ਦੇ ਲਈ ਹੋਰ ਸਰੋਤਾਂ ਨਾਲ ਸਲਾਹ ਕੀਤੀ ਜਾਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਐਨ ਆਈ ਜੇ ਸੀ (NIJC) ਜਾਂ ਅਪ੍ਰਵਾਸ ਵਕੀਲ ਨਾਲ ਸੰਪਰਕ ਕਰੋ।


ਇਹ ਮੈਨੂਅਲ ਸ਼ੁਰੂਆਤ ਵਿਚ 2004 ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਨਵਿਆਇਆ ਗਿਆ ਸੰਸਕਰਣ ਨੈਸ਼ਨਲ ਇਮੀਗਰਾਂਟ ਜਸਟਿਸ ਸੈਂਟਰ ਵਿਖੇ ਸਥਿਤ ਅਮਲੇ ਦੁਆਰਾ ਤਿਆਰ ਕੀਤਾ ਗਿਆ ਸੀ।

# ਸਮੱਗਰੀ ਦੀ ਸੂਚੀ


ਉਹ ਸ਼ਬਦ ਜੋ ਤੁਹਾਨੂੰ ਜਾਣਨੇ ਚਾਹੀਦੇ ਹਨ....................................................................................4

ਮੈਂ ਇਸ ਸੈਂਟਰ ਵਿਖੇ ਕਿਉਂ ਹਾਂ?..........................................................................................7

ਨਜ਼ਰਬੰਦੀ ਦੇ ਕੇਂਦਰਾਂ ਦੀਆਂ ਕਿਹੜੀਆਂ ਕਿਸਮਾਂ ਹਨ? ..................................................................8

ਨਜ਼ਰਬੰਦੀ ਦੇ ਸੈਂਟਰ ਵਿਖੇ ਮੈਨੂੰ ਕਿਹੜੇ ਹੱਕ ਉਪਲੱਬਧ ਹਨ?..........................................................9

ਕੀ ਮੈਨੂੰ ਪਰਿਵਾਰ ਦੇ ਮੈਂਬਰ ਦੇ ਨਾਲ ਰਹਿਣ ਲਈ ਨਜ਼ਰਬੰਦੀ
ਕੇਂਦਰ ਤੋਂ ਰਿਹਾਅ ਕੀਤਾ ਜਾ ਸਕਦਾ ਹੈ?.................................................................................10

ਜਦੋਂ ਮੈਨੂੰ ਨਜ਼ਰਬੰਦੀ ਤੋਂ ਮੇਰੇ ਪਰਿਵਾਰ ਜਾਂ ਫੋਸਟਰ ਕੇਅਰ ਦੇ ਕੋਲ ਜਾਣ ਲਈ ਰਿਹਾਅ ਕਰ ਦਿੱਤਾ ਜਾਂਦਾ
ਹੈ ਤਾਂ ਮੇਰੇ ਕੇਸ ਦਾ ਕੀ ਬਣੇਗਾ?...........................................................................................12

ਅਟਾਰਨੀ ਕੀ ਹੁੰਦਾ ਹੈ ਅਤੇ ਮੇਰਾ ਵਕੀਲ ਮੇਰੀ ਮਦਦ ਕਿਸ ਤਰ੍ਹਾਂ ਕਰੇਗਾ?......................................14

ਆਪਣੇ ਵਕੀਲ ਤੋਂ ਮੈਂ ਕੀ ਆਸ ਕਰ ਸਕਦਾ/ਸਕਦੀ ਹਾਂ?............................................................15

ਮੈਂ ਸੰਯੁਕਤ ਰਾਜ ਵਿਚ ਕਾਨੂੰਨੀ ਰੂਪ ਵਿਚ ਕਿਸ ਤਰ੍ਹਾਂ ਰਹਿ ਸਕਦਾ/ਸਕਦੀ ਹਾਂ?.................................16

ਤਾਂ ਕੀ ਹੁੰਦਾ ਹੈ ਜੇ ਜੱਜ ਇਹ ਕਹਿੰਦਾ ਹੈ ਕਿ ਮੈਂ ਸੰਯੁਕਤ ਰਾਜ ਵਿਚ ਨਹੀਂ ਰਹਿ ਸਕਦਾ/ਸਕਦੀ?...........19

ਯਾਦ ਰੱਖਣਯੋਗ ਮਹੱਤਵਪੂਰਨ ਗੱਲਾਂ ..........................................................................................20

ਆਪਣੇ ਅਪ੍ਰਵਾਸ ਮਾਮਲੇ ਨੂੰ ਦੂਜੀ ਅਦਾਲਤ ਵਿੱਚ ਕਿਵੇਂ ਸਥਾਨ-ਅੰਤਰਿਤ ਕੀਤਾ ਜਾਵੇ ।।।।।।।।।। ੩੩21

ਜਗ੍ਹਾਂ ਬਦਲਣ ਦੇ ਫਾਰਮ ਦਾ ਖਾਕਾ ..................................................................................22

ਸਸਤੀ ਅਤੇ ਮੁਫ਼ਤ, ਅਪ੍ਰਵਾਸ ਦੀ ਕਾਨੂੰਨੀ ਸੇਵਾ ਦੇ ਮਹੱਈਆ ਕਰਤਾ................................................23

## ਉਹ ਸ਼ਬਦ ਜੋ ਤੁਹਾਨੂੰ ਜਾਣਨੇ ਚਾਹੀਦੇ ਹਨ



### ''ਇਕ'' ਨੰਬਰ:

ਅਪ੍ਰਵਾਸ ਅਧਿਕਾਰੀ ਤੁਹਾਨੂੰ ਇਕ ਨੰਬਰ ਦੇਣਗੇ ਜੋ ਅਧਿਕਾਰੀ ਅਤੇ ਅਪ੍ਰਵਾਸ ਜੱਜ ਤੁਹਾਡੀ ਪਹਿਚਾਣ ਕਰਨ ਲਈ ਵਰਤਣਗੇ। ਤੁਸੀਂ ਇਸ ਨੰਬਰ ਨੂੰ ਤੁਹਾਡੇ ਅਪ੍ਰਵਾਸ ਨਾਲ ਸੰਬੰਧਤ ਦਸਤਾਵੇਜ਼ਾਂ ਉੱਤੇ ਦੇਖ ਸਕਦੇ ਹੋ। ਇਹ ਨੌ ਅੰਕਾਂ ਵਾਲਾ ਹੁੰਦਾ ਹੈ ਅਤੇ ਅੰਗਰੇਜ਼ੀ ਦੇ ਅੱਖਰ ''A'' ਨਾਲ ਸ਼ੁਰੂ ਹੁੰਦਾ ਹੈ।

### ਸ਼ਰਣ:

ਸ਼ਰਣ ਉਹ ਸੁਰੱਖਿਆ ਹੁੰਦੀ ਹੈ ਜੋ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਂਦੀ ਹੈ ਜੋ ਉਨ੍ਹਾਂ ਦੇ ਦੇਸ਼ਾਂ ਦੇ ਵਿਚ ਨਸਲ, ਖਾਸ ਸਮਾਜਕ ਸਮੂਹ ਵਿਚ ਸਦੱਸਤਾ ਕਾਰਨ, ਰਾਸ਼ਟਰੀਅਤਾ ਜਾਂ ਧਰਮ ਦੇ ਕਾਰਨ ਸੁਰੱਖਿਅਤ ਨਹੀਂ ਹੁੰਦੇ ਹਨ। ਜੇ ਤੁਹਾਨੂੰ ਸ਼ਰਣ ਮਿਲ ਜਾਂਦੀ ਹੈ, ਤਾਂ ਤੁਸੀਂ ਕਾਨੂੰਨੀ ਰੂਪ ਵਿਚ ਸੰਯੁਕਤ ਰਾਜ ਵਿਚ ਰਹਿ ਸਕਦੇ ਹੋ।

### ਅਟਾਰਨੀ (ਵਕੀਲ):

ਉਹ ਵਿਅਕਤੀ ਜੋ ਜੱਜ ਅਤੇ ਸਰਕਾਰੀ ਅਧਿਕਾਰੀਆਂ ਦੇ ਸਾਹਮਣੇ ਤੁਹਾਡੇ ਪੱਖ ਵਿਚ ਖੜ੍ਹੇਗਾ। ਜੇ ਤੁਸੀਂ ਅਪ੍ਰਵਾਸ ਦੇ ਕਾਨੂੰਨਾਂ ਦੇ ਕਿਸੇ ਲਾਭ ਦੇ ਅਧੀਨ ਯੋਗ ਹੁੰਦੇ ਹੋ ਤਾਂ ਤੁਹਾਡਾ ਵਕੀਲ ਤੁਹਾਨੂੰ ਦੱਸੇਗਾ ਅਤੇ ਕਾਨੂੰਨ ਦੇ ਨਾਲ ਸੰਬੰਧਤ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦੇਵੇਗਾ ਅਤੇ ਸੰਯੁਕਤ ਰਾਜ ਵਿਚਲੇ ਤੁਹਾਡੇ ਹੱਕਾਂ ਦੇ ਬਾਰੇ ਤੁਹਾਨੂੰ ਦੱਸੇਗਾ। ਤੁਹਾਡਾ ਵਕੀਲ ਤੁਹਾਡੇ ਨਾਲ ਕੰਮ ਕਰਦਾ ਹੈ ਅਤੇ ਅਦਾਲਤ ਅਤੇ ਅਪ੍ਰਵਾਸ ਦੇ ਅਧਿਕਾਰੀਆਂ ਦੇ ਨਾਲ ਗੱਲ ਕਰਦੇ ਸਮੇਂ ਤੁਹਾਡੀ ਮਦਦ ਕਰਦਾ ਹੈ। ਉਹ ਜਾਣਕਾਰੀ ਜੋ ਤੁਸੀਂ ਤੁਹਾਡੇ ਵਕੀਲ ਨਾਲ ਸਾਂਝੀ ਕਰਦੇ ਹੋ, ਗੋਪਨੀਯ ਰਹਿੰਦੀ ਹੈ ਅਤੇ ਤੁਹਾਡਾ ਵਕੀਲ ਉਸ ਸਮੇਂ ਤੱਕ ਇਸ ਜਾਣਕਾਰੀ ਨੂੰ ਦੂਜਿਆਂ ਨਾਲ ਸਾਂਝਾ ਨਹੀਂ ਕਰ ਸਕਦਾ ਜਦੋਂ ਤੱਕ ਤੁਸੀਂ ਜਾਣਕਾਰੀ ਸਾਂਝੀ ਕਰਨ ਲਈ ਸਹਿਮਤ ਨਹੀਂ ਹੁੰਦੇ।

### ਬੱਚਿਆਂ ਦੀ ਸੁਰੱਖਿਆ ਦਾ ਐਡਵੋਕੇਟ:

ਉਹ ਵਿਅਕਤੀ ਜਿਸਨੂੰ ਕਿ ਤੁਹਾਡੀ ਇਹ ਸਮਝਣ ਵਿਚ ਮਦਦ ਕਰਨ ਦੇ ਲਈ ਨਿਯੁਕਤ ਕੀਤਾ ਜਾ ਸਕਦਾ ਹੈ ਕਿ ਤੁਹਾਡੇ 'ਚੰਗੇ ਹਿੱਤ' ਵਿਚ ਕੀ ਹੈ। ਐਡਵੋਕੇਟ ਤੁਹਾਡਾ ਅਟਾਰਨੀ (ਵਕੀਲ) ਨਹੀਂ ਹੁੰਦਾ ਹੈ। ਉਹ ਜਾਣਕਾਰੀ ਜੋ ਤੁਸੀਂ ਤੁਹਾਡੇ ਐਡਵੋਕੇਟ ਨੂੰ ਦੱਸਦੇ ਹੋ ਗੋਪਨੀਯ ਰਹਿੰਦੀ ਹੈ।

### ਗੋਪਨੀਯ:

ਗੋਪਨੀਯ ਦਾ ਮਤਲਬ ਹੈ ਗੁਪਤ ਜਾਂ ਨਿੱਜੀ। ਵਕੀਲਾਂ ਨੂੰ ਉਹ ਜਾਣਕਾਰੀ ਜੋ ਤੁਸੀਂ ਉਨ੍ਹਾਂ ਨੂੰ ਦੱਸਦੇ ਹੋ, ਵਿਚਲੀ ਬਹੁਤੀ ਜਾਣਕਾਰੀ ਗੋਪਨੀਯ ਰੱਖਣੀ ਚਾਹੀਦੀ ਹੈ ਜਦੋਂ ਤੱਕ ਤੁਸੀਂ ਉਨ੍ਹਾਂ ਨੂੰ ਇਹ ਦੂਜਿਆਂ ਨਾਲ ਸਾਂਝੀ ਕਰਨ ਦੀ ਇਜ਼ਾਜ਼ਤ ਨਹੀਂ ਦਿੰਦੇ ਹੋ।

**ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਓਰਟੀ (ਡੀ ਐਚ ਐਸ) (Department of Homeland Security, DHS) :**
ਅਪ੍ਰਵਾਸ ਦੀਆਂ ਅਦਾਲਤਾਂ ਵਿਚ ਕੰਮ ਕਰਨ ਵਾਲੇ ਅਪ੍ਰਵਾਸ ਦੇ ਅਧਿਕਾਰੀ ਅਤੇ ਸਰਕਾਰੀ ਵਕੀਲ ਡੀ ਐਚ ਐਸ (DHS) ਦੇ ਲਈ ਕੰਮ ਕਰਦੇ ਹਨ। ਡੀ ਐਚ ਐਸ (DHS) ਦੀਆਂ ਕਈ ਬਰਾਂਚਾਂ ਹਨ। ਉਹ ਬਰਾਂਚ ਜੋ ਅਪ੍ਰਵਾਸ ਦੇ ਅਧਿਕਾਰੀਆਂ ਅਤੇ ਸਰਕਾਰ ਦੀ ਅਦਾਲਤ ਵਿਚ ਪ੍ਰਤੀਨਿਧਤਾ ਕਰਦੀ ਹੈ ਉਹ ਇਮੀਗ੍ਰੇਸ਼ਨ ਐਂਡ ਕਸਟਮ ਐਨਫ਼ੋਰਸਮੈਂਟ ਜਾਂ ਆਈ ਸੀ ਈ (Immigration & Customs Enforcement or ICE) ਹੈ।

**ਆਫ਼ੀਸਰ ਆਫ਼ ਰਿਫਊਜੀ ਰੀਸੈਟਲਮੈਂਟ (ਓ ਆਰ ਆਰ) (Office of Refugee Resettlement ORR):**
ਸੰਘੀ ਸਰਕਾਰ ਦਾ ਉਹ ਹਿੱਸਾ ਜੋ, ਜਦੋਂ ਤੁਹਾਨੂੰ ਨਜ਼ਰਬੰਦ ਕੀਤਾ ਹੁੰਦਾ ਹੈ ਜਾਂ ਜਦੋਂ ਤੁਸੀਂ ਫੋਸਟਰ ਕੇਅਰ ਦੇ ਵਿਚ ਹੁੰਦੇ ਹੋ ਤਾਂ ਤੁਹਾਡੇ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਇਹ ਨਿਰਣਾ ਕਰਦਾ ਹੈ ਕਿ ਤੁਹਾਨੂੰ ਸੰਯੁਕਤ ਰਾਜ ਵਿਚਲੇ ਤੁਹਾਡੇ ਪਰਿਵਾਰਕ ਮੈਂਬਰਾਂ ਦੇ ਕੋਲ ਰਿਹਾਅ ਕੀਤਾ ਜਾ ਸਕਦਾ ਹੈ ਜਾਂ ਨਹੀਂ। ਸਰਕਾਰ ਦਾ ਇਹ ਹਿੱਸਾ ਡੀ ਐਚ ਐਸ/ਆਈ ਸੀ ਈ (DHS/ICE) ਅਤੇ ਅਪ੍ਰਵਾਸ ਅਦਾਲਤ ਤੋਂ ਵੱਖ ਹੈ।

**ਵਾਪਸ ਭੇਜਣਾ (ਨਿਕਾਲ ਦੇਣਾ):**
ਜਦੋਂ ਤੁਹਾਨੂੰ ਸੰਯੁਕਤ ਰਾਜ ਵਿਚ ਹੋਰ ਰਹਿਣ ਦੀ ਇਜਾਜ਼ਤ ਨਹੀਂ ਹੈ ਤਾਂ ਜੱਜ ਇਹ ਆਦੇਸ਼ ਦੇ ਸਕਦਾ ਹੈ ਕਿ ਤੁਹਾਨੂੰ ਵਾਪਸ ਭੇਜ ਦਿੱਤਾ ਜਾਵੇ। ਉਹ ਇਹ ਤੁਹਾਡੇ ਖਿਲਾਫ਼ ਨਿਕਾਲੇ ਜਾਣ ਦਾ ਆਦੇਸ਼ ਦੇ ਕੇ ਕਰ ਸਕਦਾ ਜਾਂ ਕਰ ਸਕਦੀ ਹੈ। ਜਦੋਂ ਤੁਹਾਨੂੰ ਵਾਪਸ ਭੇਜਿਆ ਜਾਂਦਾ ਹੈ ਤਾਂ ਤੁਹਾਨੂੰ ਤੁਹਾਡੇ ਦੇਸ਼ ਵਾਪਸ ਭੇਜਿਆ ਜਾਂਦਾ ਹੈ ਅਤੇ ਤੁਹਾਨੂੰ ਖਾਸ ਇਜਾਜ਼ਤ ਦੇ ਬਿਨਾ ਸੰਯੁਕਤ ਰਾਜ ਵਿਚ ਵਾਪਸ ਆਉਣ ਦੀ ਆਗਿਆ ਨਹੀਂ ਹੁੰਦੀ ਹੈ।

**ਫੈਮਿਲੀ ਰੀਯੂਨੀਫੀਕੇਸ਼ਨਜ਼ ਪੈਕਟ (ਐਫ਼ ਆਰ ਪੀ) (Family Reunification Packet, FRP):**
ਕਾਗਜ਼ਾਂ ਦਾ ਉਹ ਸੈਟ ਜੋ ਤੁਹਾਡੇ ਸੰਯੁਕਤ ਰਾਜ ਵਿਚਲੇ ਰਿਸ਼ਤੇਦਾਰਾਂ ਨੂੰ ਉਸ ਸਮੇਂ ਭੇਜਿਆ ਜਾਂਦਾ ਹੈ ਜਦੋਂ ਉਹ ਜੱਜ ਦੁਆਰਾ ਤੁਹਾਡੇ ਕੇਸ ਦਾ ਨਿਰਣਾ ਕਰਨ ਸਮੇਂ ਚਾਹੁੰਦੇ ਹਨ ਤੁਸੀਂ ਉਨ੍ਹਾਂ ਦੇ ਨਾਲ ਰਹੋ। ਤੁਹਾਡੇ ਰਿਸ਼ਤੇਦਾਰਾਂ ਨੂੰ ਇਹ ਦਿਖਾਉਣ ਦੇ ਕਾਬਲ ਹੋਣਾ ਚਾਹੀਦਾ ਹੈ ਕਿ ਜਦੋਂ ਤੁਸੀਂ ਸੰਯੁਕਤ ਰਾਜ ਵਿਚ ਰਹਿੰਦੇ ਹੋ ਤਾਂ ਉਹ ਤੁਹਾਡੀ ਦੇਖਭਾਲ ਕਰ ਸਕਦੇ ਹਨ।

**ਫੋਸਟਰ ਫੈਮਿਲੀ:**
ਫੋਸਟਰ ਫੈਮਿਲੀ ਇਕ ਪਰਿਵਾਰ ਹੈ ਜਿਸਨੂੰ ਯੂ.ਐਸ. ਸਰਕਾਰ ਨੇ ਉਨ੍ਹਾਂ ਅਪ੍ਰਵਾਸੀ ਬੱਚਿਆਂ ਦੀ ਸੰਭਾਲ ਕਰਨ ਦੇ ਲਈ ਮਾਨਤਾ ਦਿੱਤੀ ਹੈ ਜਿਨ੍ਹਾਂ ਦਾ ਸੰਯੁਕਤ ਰਾਜ ਦੇ ਵਿਚ ਕੋਈ ਰਿਸ਼ਤੇਦਾਰ ਨਹੀਂ ਹੈ। ਸਰਕਾਰ ਇਹ ਨਿਰਣਾ ਕਰਦੀ ਹੈ ਕਿ ਬੱਚਿਆਂ ਨੂੰ ਫੋਸਟਰ ਫੈਮਿਲੀ ਦੇ ਕੋਲ ਭੇਜਿਆ ਜਾ ਸਕਦਾ ਹੈ ਜਾਂ ਨਹੀਂ। ਜਦੋਂ ਤੁਸੀਂ ਫੋਸਟਰ ਫੈਮਿਲੀ ਦੇ ਕੋਲ ਰਹਿ ਰਹੇ ਹੁੰਦੇ ਹੋ, ਤੁਹਾਡਾ ਅਪ੍ਰਵਾਸ ਦਾ ਕੇਸ ਚਲਾਇਆ ਜਾਵੇਗਾ। ਤੁਸੀਂ ਸਥਾਈ ਰੂਪ ਵਿਚ ਤੁਹਾਡੀ ਫੋਸਟਰ ਫੈਮਿਲੀ ਦੇ ਕੋਲ ਨਹੀਂ ਰਹਿ ਸਕਦੇ।

**ਅਪ੍ਰਵਾਸ ਅਦਾਲਤ:**
ਇਹ ਉਹ ਥਾਂ ਹੈ ਜਿੱਥੇ ਡੀ ਐਚ ਐਸ/ਆਈ ਸੀ ਈ (DHS/ICE) ਦੁਆਰਾ ਗ੍ਰਿਫ਼ਤਾਰ ਕੀਤੇ ਗਏ ਅਪ੍ਰਵਾਸੀਆਂ ਨੂੰ ਆਪਣੇ ਕੇਸ ਦਾ ਨਿਰਣਾ ਕਰਵਾਉਣ ਦੇ ਲਈ ਜਾਣਾ ਪੈਂਦਾ ਹੈ। ਪੂਰੇ ਸੰਯੁਕਤ ਰਾਜ ਦੇ ਵਿਚ ਅਪ੍ਰਵਾਸ ਦੀਆਂ ਅਦਾਲਤਾਂ ਹਨ। ਅਪ੍ਰਵਾਸ ਅਦਾਲਤਾਂ ਡੀ ਐਚ ਐਸ/ਆਈ ਸੀ ਈ (DHS/ICE) ਦਾ ਹਿੱਸਾ ਨਹੀਂ ਹਨ।

**ਅਪ੍ਰਵਾਸ ਜੱਜ:**
ਇਹ ਉਹ ਵਿਅਕਤੀ ਹੁੰਦਾ ਹੈ ਜੋ ਤੁਹਾਡੇ ਅਪ੍ਰਵਾਸ ਦੇ ਕੇਸ ਦਾ ਨਿਰਣਾ ਕਰਦਾ ਹੈ। ਜੋ ਤੁਸੀਂ ਅਤੇ ਤੁਹਾਡੇ ਵਕੀਲ ਕਹਿਣਾ ਚਾਹੁੰਦੇ ਹੋ ਅਤੇ ਡੀ ਐਚ ਐਸ/ਆਈ ਸੀ ਈ (DHS/ICE) ਦੇ ਵਕੀਲ ਨੇ ਇਸ ਬਾਰੇ ਕਹਿਣਾ ਹੈ ਕਿ ਤੁਸੀਂ ਸੰਯੁਕਤ ਰਾਜ ਵਿਚ ਕਿਉਂ ਨਹੀਂ ਰਹਿ ਸਕਦੇ ਹੋ ਜਾਂ ਕਿਉਂ ਰਹਿ ਸਕਦੇ ਹੋ, ਬਾਰੇ ਜੱਜ ਉਸਨੂੰ ਸੁਣਦਾ ਹੈ।

**ਕਾਨੂੰਨੀ ਰਿਹਾਇਸ਼ੀ:**
ਕਾਨੂੰਨੀ ਰਿਹਾਇਸ਼ੀ ਕਿਸੇ ਦੇਸ਼ ਦਾ ਉਹ ਨਾਗਰਿਕ ਹੁੰਦਾ ਹੈ ਜਿਸਨੂੰ ਸਥਾਈ ਤੌਰ ਤੇ ਸੰਯੁਕਤ ਰਾਜ ਵਿਚ ਰਹਿਣ ਦੀ ਇਜ਼ਾਜ਼ਤ ਹੁੰਦੀ ਹੈ ਪਰ ਉਹ ਯੂ.ਐਸ. ਦਾ ਨਾਗਰਿਕ ਨਹੀਂ ਹੁੰਦਾ ਹੈ। ਉਹ ਦਸਤਾਵੇਜ਼ ਜੋ ਇਸ ਆਗਿਆ ਨੂੰ ਦਰਸਾਉਂਦਾ ਹੈ, ਨੂੰ ਅਕਸਰ ਗ੍ਰੀਨ ਕਾਰਡ ਕਹਿੰਦੇ ਹਨ।

**ਅਵਿਅਸਕ:**
ਅਵਿਸਕ ਉਹ ਵਿਅਕਤੀ ਹੈ ਜੋ 18 ਸਾਲ ਤੋਂ ਘੱਟ ਉਮਰ ਦਾ ਹੈ।

**ਪੇਸ਼ ਹੋਣ ਲਈ ਨੋਟਿਸ:**
ਪੇਸ਼ ਹੋਣ ਲਈ ਨੋਟਿਸ ਯੂ.ਐਸ. ਸਰਕਾਰ ਦੁਆਰਾ ਭੇਜਿਆ ਗਿਆ ਪੱਤਰ ਹੈ ਜੋ ਇਹ ਵਰਣਨ ਕਰਦਾ ਹੈ ਕਿ ਸਰਕਾਰ ਤੁਹਾਨੂੰ ਵਾਪਸ ਕਿਉਂ ਭੇਜਣਾ ਚਾਹੁੰਦੀ ਹੈ।

**ਸਪੈਸ਼ਲ ਇਮੀਗਰਾਂਟ ਜੁਵੇਨਾਇਲ ਸਟੇਟਸ (ਐਸ ਆਈ ਜੇ ਐਸ) (Special Immigrant Juvenile Status SIJS):**
ਇਹ ਐਸ ਆਈ ਜੇ ਐਸ (SIJS) ਵੱਜੋਂ ਵੀ ਜਾਣਿਆ ਜਾਂਦਾ ਹੈ, ਇਹ ਉਨ੍ਹਾਂ ਬੱਚਿਆਂ ਲਈ ਅਪ੍ਰਵਾਸ ਦੀ ਸੁਰੱਖਿਆ ਦੀ ਕਿਸਮ ਹੈ ਜਿਨ੍ਹਾਂ ਨਾਲ ਦੁਰਵਿਹਾਰ ਕੀਤਾ ਗਿਆ ਹੈ, ਛੱਡ ਦਿੱਤਾ ਗਿਆ ਹੈ, ਜਾਂ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੁਆਰਾ ਅਣਦੇਖਿਆ ਕੀਤਾ ਗਿਆ ਹੈ। ਉਹ ਬੱਚੇ ਜਿਨ੍ਹਾਂ ਦੇ ਮਾਪੇ ਮਰ ਚੁੱਕੇ ਹਨ, ਵੀ ਇਸ ਸੁਰੱਖਿਆ ਦੇ ਯੋਗ ਹੋ ਸਕਦੇ ਹਨ।

**ਢੁੱਕਵੇਂ ਹੋਣ ਦਾ ਮੁਲਾਂਕਣ:**
ਜਦੋਂ ਤੁਹਾਨੂੰ ਨਾਲ ਰੱਖਣ ਵਾਸਤੇ ਕਹਿਣ ਵਾਲੇ ਰਿਸ਼ਤੇਦਾਰ ਹੁੰਦੇ ਹਨ, ਓ ਆਰ ਆਰ (ORR) ਕੁਝ ਵਾਰ ਕਿਸੇ ਵਿਅਕਤੀ ਨੂੰ ਉਨ੍ਹਾਂ ਦੇ ਘਰ ਇਹ ਯਕੀਨੀ ਬਣਾਉਣ ਦੇ ਲਈ ਭੇਜੇਗੀ ਕਿ ਘਰ ਸੁਰੱਖਿਅਤ ਹੈ ਅਤੇ ਇਹ ਕਿ ਤੁਹਾਡੇ ਰਿਸ਼ਤੇਦਾਰ ਤੁਹਾਡੀ ਦੇਖਭਾਲ ਕਰ ਸਕਦੇ ਹਨ।

**ਯੂ ਵੀਜ਼ਾ:**
ਅਪ੍ਰਵਾਸ ਸੁਰੱਖਿਆ ਦੀ ਕਿਸਮ, ਜੋ ਉਸ ਵਿਅਕਤੀ ਨੂੰ ਜੋ ਕਿ ਜੁਰਮ ਦਾ ਪੀੜ੍ਹਿਤ ਰਿਹਾ ਹੈ, ਸੰਯੁਕਤ ਰਾਜ ਵਿਚ ਕਾਨੂੰਨੀ ਤੌਰ ਤੇ ਰਹਿਣ ਦੀ ਇਜ਼ਾਜ਼ਤ ਦਿੰਦੀ ਹੈ। ਇਸਦੀ ਪਾਤਰਤਾ ਲਈ, ਪੀੜ੍ਹਿਤ ਨੂੰ ਜੁਰਮ ਰਿਪੋਰਟ ਕਰਨਾ ਚਾਹੀਦਾ ਹੈ ਅਤੇ ਜਾਂਚ ਅਤੇ ਕਾਨੂੰਨੀ ਕਾਰਵਾਈ ਦੀ ਪ੍ਰਕ੍ਰਿਆ ਦੇ ਵਿਚ ਸਹਿਯੋਗ ਦੇਣਾ ਚਾਹੀਦਾ ਹੈ।

**ਟੀ ਵੀਜ਼ਾ:**
ਮਨੁੱਖੀ ਤਸਕਰੀ ਦੇ ਪੀੜ੍ਹਿਤਾਂ ਲਈ ਅਪ੍ਰਵਾਸ ਸੁਰੱਖਿਆ ਦੀ ਇਕ ਕਿਸਮ। ਮਨੁੱਖੀ ਤਸਕਰੀ ਦਾ ਪੀੜ੍ਹਿਤ ਉਹ ਵਿਅਕਤੀ ਹੁੰਦਾ ਹੈ ਜਿਸ ਨਾਲ ਕਿ ਸੰਯੁਕਤ ਰਾਜ ਵਿਚ ਆਉਣ ਲਈ ਜ਼ਬਰਦਸਤੀ ਕੀਤੀ ਜਾਂਦੀ ਹੈ ਅਤੇ ਸੰਯੁਕਤ ਰਾਜ ਵਿਚ ਰਹਿਣ ਸਮੇਂ ਦੌਰਾਨ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਕੰਮ ਕਰਨ ਜਾਂ ਕਾਰਵਾਈ ਕਰਨ ਲਈ ਧੱਕਾ ਕੀਤਾ ਜਾਂਦਾ ਹੈ।

**ਬਿਨਾਂ ਦਸਤਾਵੇਜ਼ਾਂ ਦੇ**
ਬਿਨਾਂ ਦਸਤਾਵੇਜ਼ਾਂ ਵਾਲਾ ਵਿਅਕਤੀ ਉਹ ਵਿਅਕਤੀ ਹੁੰਦਾ ਹੈ ਜੋ ਸੰਯੁਕਤ ਰਾਜ ਸਰਕਾਰ ਦੀ ਇਜ਼ਾਜ਼ਤ ਦੇ ਬਿਨਾਂ ਸੰਯੁਕਤ ਰਾਜ ਵਿਚ ਹੁੰਦਾ ਹੈ।

**ਇੱਛਿਕ ਵਾਪਸੀ:**
ਜੱਜ ਤੁਹਾਨੂੰ ਬਿਨਾਂ ਵਾਪਸ ਭੇਜੇ ਜਾਣ ਦੇ ਆਦੇਸ਼ ਦੇ ਆਪਣੇ ਆਪ ਸੰਯੁਕਤ ਰਾਜ ਨੂੰ ਛੱਡ ਜਾਣ ਦੀ ਇਜ਼ਾਜ਼ਤ ਦੇ ਸਕਦਾ ਹੈ। ਜੇ ਤੁਸੀਂ ਇੱਛਾ ਦੇ ਨਾਲ ਵਾਪਸ ਜਾਂਦੇ ਹੋ ਤਾਂ ਤੁਸੀਂ ਭਵਿੱਖ ਵਿਚ ਜੇ ਤੁਸੀਂ ਵੀਜ਼ੇ ਦੇ ਲਈ ਯੋਗਤਾ ਪ੍ਰਾਪਤ ਕਰ ਲੈਂਦੇ ਹੋ ਤਾਂ ਕਾਨੂੰਨੀ ਰੂਪ ਵਿਚ ਸੰਯੁਕਤ ਰਾਜ ਵਿਚ ਵਾਪਸ ਆ ਸਕਦੇ ਹੋ।

**ਕੰਮ ਦੀ ਅਧਿਕਾਰਤਾ:**
ਅਪ੍ਰਵਾਸ ਦੇ ਅਧਿਕਾਰੀ ਕਈ ਵਾਰ ਅਪ੍ਰਵਾਸੀਆਂ ਨੂੰ ਸੰਯੁਕਤ ਰਾਜ ਵਿਚ ਰਹਿੰਦੇ ਸਮੇਂ ਕੰਮ ਕਰਨ ਦੀ ਇਜ਼ਾਜ਼ਤ ਦੇ ਸਕਦੇ ਹਨ। ਇਸ ਇਜ਼ਾਜ਼ਤ ਨੂੰ ''ਕੰਮ ਦੀ ਅਧਿਕਾਰਤਾ'' ਕਹਿੰਦੇ ਹਨ। ਜਦੋਂ ਯੂ.ਐਸ. ਸਰਕਾਰ ਕਿਸੇ ਅਪ੍ਰਵਾਸੀ ਨੂੰ ਕੰਮ ਕਰਨ ਦੀ ਆਗਿਆ ਦਿੰਦੀ ਹੈ ਤਾਂ ਸਰਕਾਰ ਵਿਅਕਤੀ ਨੂੰ ਇਕ ਕਾਰਡ ਦੇਵੇਗੀ, ਜਿਸਨੂੰ ਕਿ ਇੰਪਲਾਈਮੈਂਟ ਆਥੋਰਾਈਜੇਸ਼ਨ ਡਾਕੂਮੈਂਟ (ਈ ਏ ਡੀ) (Employment Authorization Document, EAD) ਕਹਿੰਦੇ ਹਨ।



## ਮੈਂ ਇਸ ਸੈਂਟਰ ਵਿਖੇ ਕਿਉਂ ਹਾਂ?

ਉਹ ਥਾਂ ਜਿੱਥੇ ਤੁਸੀਂ ਇਸ ਸਮੇਂ ਰਹਿ ਰਹੇ ਹੋ, ਉਹ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੇ ਲਈ ਅਪ੍ਰਵਾਸ ਨਜ਼ਰਬੰਦੀ ਸੈਂਟਰ ਹੈ। ਤੁਸੀਂ ਇੱਥੇ ਹੋ ਕਿਉਂਕਿ ਸੰਯੁਕਤ ਰਾਜ ਸਰਕਾਰ ਵਿਸ਼ਵਾਸ਼ ਕਰਦੀ ਹੈ ਕਿ ਤੁਹਾਨੂੰ ਸੰਯੁਕਤ ਰਾਜ ਵਿਚ ਰਹਿਣ ਦੀ ਇਜ਼ਾਜ਼ਤ ਨਹੀਂ ਹੈ। ਇੱਥੇ ਰਹਿ ਸਕਣ ਦੇ ਲਈ ਅਪ੍ਰਵਾਸ ਜੱਜ ਜਾਂ ਅਪ੍ਰਵਾਸ ਅਧਿਕਾਰੀ ਨੂੰ ਇਹ ਨਿਰਣਾ ਜ਼ਰੂਰ ਕਰਨਾ ਚਾਹੀਦਾ ਹੈ ਕਿ ਇੱਥੇ ਰਹਿਣ ਦੇ ਲਈ ਤੁਹਾਡੇ ਕੋਲ ਕਾਨੂੰਨੀ ਕਾਰਨ ਹੈ।

ਤੁਹਾਡਾ ਵਕੀਲ, ਜੱਜ ਨਾਲ ਗੱਲ ਕਰਨ ਦੇ ਵਿਚ ਤੁਹਾਡੀ ਮਦਦ ਕਰੇਗਾ। ਤੁਹਾਡੇ ਦੁਆਰਾ ਨਿਰਣਾ ਪ੍ਰਾਪਤ ਕਰਨ ਦੇ ਵਿਚ ਕਈ ਮਹੀਨੇ ਲੱਗ ਸਕਦੇ ਹਨ।

## ਕੀ ਮੈਂ ਯੂ.ਐਸ. ਦੇ ਵਿਚ ਰਹਿ ਸਕਦਾ/ਸਕਦੀ ਹਾਂ?

ਕੇਵਲ ਅਪ੍ਰਵਾਸ ਜੱਜ ਜਾਂ ਅਪ੍ਰਵਾਸ ਅਧਿਕਾਰੀ ਇਹ ਨਿਰਣਾ ਕਰ ਸਕਦੇ ਹਨ ਕਿ ਤੁਸੀਂ ਕਾਨੂੰਨੀ ਰੂਪ ਵਿਚ ਸੰਯੁਕਤ ਰਾਜ ਵਿਚ ਰਹਿ ਸਕਦੇ ਹੋ ਜਾਂ ਕੀ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਾਪਸ ਮੁੜਨਾ ਪਵੇਗਾ। ਅਪ੍ਰਵਾਸ ਦੀ ਪ੍ਰਕ੍ਰਿਆ ਦੇ ਵਿਚ ਮਹੀਨੇ ਲੱਗਦੇ ਹਨ, ਇਸ ਲਈ ਤੁਹਾਨੂੰ ਧੀਰਜ ਰੱਖਣ ਦੀ ਜ਼ਰੂਰਤ ਹੈ। ਭਾਂਵੇਂ ਤੁਸੀਂ ਇਹ ਪਹਿਲਾਂ ਹੀ ਜਾਣਦੇ ਹੋਵੋ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ, ਤਾਂ ਵੀ ਤੁਹਾਨੂੰ ਕਈ ਮਹੀਨੇ ਲਈ ਨਜ਼ਰਬੰਦ ਕੀਤਾ ਜਾ ਸਕਦਾ ਹੈ। ਸਮੇਂ ਦਾ ਸਹੀ ਅਨੁਮਾਨ, ਸਰਕਾਰ ਤੁਹਾਡੇ ਕਾਗਜ਼ਾਂ ਉੱਤੇ ਕਿੰਨੀ ਜਲਦੀ ਕਾਰਵਾਈ ਕਰਦੀ ਹੈ, ਅਤੇ ਤੁਹਾਡਾ ਕੇਸ ਕਿਸ ਕਿਸਮ ਦਾ ਹੈ, ਸਮੇਤ ਕਈ ਗੱਲਾਂ ਉੱਤੇ ਨਿਰਭਰ ਕਰੇਗਾ।





## ਨਜ਼ਰਬੰਦੀ ਦੇ ਕੇਂਦਰਾਂ ਦੀਆਂ ਕਿਹੜੀਆਂ ਕਿਸਮਾਂ ਹਨ?

• **ਸ਼ੈਲਟਰ ਸੈਂਟਰਜ਼:**
ਨਜ਼ਰਬੰਦੀ ਦੇ ਇਨ੍ਹਾਂ ਕੇਂਦਰਾਂ ਵਿਖੇ ਸਰੱਖਿਆ ਪੱਧਰ ਨਿਮਨ ਹੁੰਦਾ ਹੈ, ਅਤੇ ਸੁਤੰਤਰਤਾ ਦਾ ਪੱਧਰ ਉੱਚਤਮ ਹੁੰਦਾ ਹੈ। ਸ਼ੈਲਟਰ ਸੈਂਟਰ ਵਿਖੇ ਰਹਿਣ ਵਾਲੇ ਅਵਿਸਕ ਜ਼ਿਮਨੇਜ਼ੀਅਮ ਵਿਚ ਨਿਯਮਤ ਰੂਪ ਵਿਚ ਜਾਂਦੇ ਹਨ ਅਤੇ ਉਨ੍ਹਾਂ ਨੂੰ ਟੈਲੀਵੀਜ਼ਿਨ ਦੇਖਣ ਦੇ, ਵੀਡਿਓ ਗੇਮਾਂ ਖੇਡਣ ਦੀ ਅਤੇ ਪੜਣ ਦੀ ਆਜ਼ਾਦੀ ਹੁੰਦੀ ਹੈ। ਆਮ ਕਰਕੇ ਐਨ ਆਈ ਜੇ ਸੀ (NIJC), ਸ਼ਿਕਾਗੋ ਇਲਾਕੇ ਦੇ ਆਸ-ਪਾਸ ਦੇ ਬਸੇਰਿਆਂ ਵਿਖੇ ਹਫਤਾਵਾਰ ਦੌਰਾ ਕਰਦਾ ਹੈ ਅਤੇ ਬੁੱਧਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਤੱਕ ਉਪਲੱਬਧ ਰਹਿੰਦਾ ਹੈ।

• **ਅਮਲੇ ਦੁਆਰਾ ਸੁਰੱਖਿਅਤ ਸੈਂਟਰਜ਼:**
ਇਨ੍ਹਾਂ ਨਜ਼ਰਬੰਦੀ ਦੇ ਕੇਂਦਰਾਂ ਦੇ ਵਿਚ ਸ਼ੈਲਟਰ ਸੈਂਟਰਾਂ ਦੇ ਮੁਕਾਬਲੇ ਸੁਰੱਖਿਆ ਦਾ ਪੱਧਰ ਉੱਚਾ ਹੁੰਦਾ ਹੈ। ਅਮਲੇ ਦੁਆਰਾ ਸੁਰੱਖਿਅਤ ਕੀਤੇ ਕੇਂਦਰਾਂ ਵਿਚ ਰਹਿਣ ਵਾਲੇ ਅਵਿਅਸਕਾਂ ਨੂੰ ਜ਼ਿਮਨੇਜ਼ੀਅਮ ਜਾਣ ਲਈ ਜਾਂ ਵੀਡਿਓ ਗੇਮਾਂ ਖੇਡਣ ਦੇ ਲਈ ਸੁਹਲਤਾ ਕਮਾਉਣੀਆਂ ਪੈਂਦੀਆਂ ਹਨ। ਭਾਵੇਂ ਅਮਲੇ ਦੁਆਰਾ ਸੁਰੱਖਿਅਤ ਕੀਤੇ ਸੈਂਟਰਾਂ ਵਿਚਲੇ ਅਵਿਅਸਕਾਂ ਨੂੰ ਛੋਟੇ ਅਪਰਾਧਾਂ ਦੇ ਲਈ ਕਦੇ ਗ੍ਰਿਫ਼ਤਾਰ ਕੀਤਾ ਗਿਆ ਹੁੰਦਾ ਹੈ, ਆਮ ਕਰਕੇ ਇਹ ਵਿਹਾਰ ਦੀਆਂ ਤਕਲੀਫ਼ਾਂ ਹੁੰਦੀਆਂ ਹਨ ਨਾ ਕਿ ਅਪਰਾਧਿਕ ਮੁੱਦੇ। ਇੰਟਰਨੈਸ਼ਨਲ ਯੂਥ ਸੈਂਟਰ (ਆਈ ਵਾਈ ਸੀ) (International Youth Center, IYC) ਅਮਲੇ ਦੁਆਰਾ ਸੁਰੱਖਿਅਤ ਕੀਤੇ ਸੈਂਟਰ ਦੀ ਇਕ ਉਦਾਹਰਣ ਹੈ। ਐਨ ਆਈ ਜੇ ਸੀ (NIJC) ਆਮ ਕਰਕੇ ਹਫ਼ਤਾਵਾਰ ਅਮਲੇ ਦੁਆਰਾ ਸੁਰੱਖਿਅਤ ਕੀਤੇ ਸੈਂਟਰਜ਼ਵਿਚ ਜਾਂਦਾ ਹੈ ਅਤੇ ਫ਼ੋਨ ਰਾਹੀਂ ਵੀ ਉਪਲੱਬਧ ਹੈ।

• **ਚਿਕਿਤਸਾ ਨਾਲ ਸੰਬੰਧਤ ਸੈਂਟਰਜ਼:**
ਇਹ ਸੈਂਟਰ ਉਨ੍ਹਾਂ ਅਵਿਅਸਕਾਂ ਦੇ ਲਈ ਉਪਲੱਬਧ ਹੈ ਜਿਨ੍ਹਾਂ ਦੀਆਂ ਖਾਸ ਚਿਕਿਤਸਕ ਅਤੇ ਮਨੋਵਿਗਿਆਨਕ ਜ਼ਰੂਰਤਾਂ ਹਨ। ਐਨ ਆਈ ਜੇ ਸੀ (NIJC) ਆਮ ਕਰਕੇ ਹਰ ਦੂਜੇ ਹਫ਼ਤੇ ਚਿਕਿਤਸਾ ਨਾਲ ਸੰਬੰਧਤ ਸੈਂਟਰਜ਼ ਵਿਖੇ ਜਾਂਦੀ ਹੈ, ਅਤੇ ਇਹ ਫ਼ੋਨ ਉੱਤੇ ਵੀ ਉਪਲੱਬਧ ਹੈ।

• **ਸੁਰੱਖਿਅਤ ਸੈਂਟਰਜ਼:**
ਇਨ੍ਹਾਂ ਨਜ਼ਰਬੰਦੀ ਦੇ ਕੇਂਦਰਾਂ ਵਿਚ ਉੱਚ ਸੁਰੱਖਿਆ ਹੁੰਦੀ ਹੈ ਅਤੇ ਸੁੰਤਤਰਤਾ ਦਾ ਨਿਮਨ ਪੱਧਰ ਹੁੰਦਾ ਹੈ। ਸੈਂਟਰਜ਼ ਵਿਚਲੇ ਤਕਰੀਬਨ ਸਾਰੇ ਦਰਵਾਜ਼ੇ ਤਾਲਾਬੰਦ ਹੁੰਦੇ ਹਨ। ਸੁਰੱਖਿਅਤ ਕੇਂਦਰਾਂ ਵਿਚਲੇ ਬਹੁਤੇ ਅਵਿਅਸਕ ਜਾਂ ਤਾਂ ਜੁਵੇਨਾਇਲ ਜਸਟਿਸ ਸਿਸਟਮ ਜਾਂ ਕ੍ਰਿਮੀਨਲ ਸਿਸਟਮ ਦੇ ਵਿਚ ਸ਼ਾਮਲ ਰਹੇ ਹੁੰਦੇ ਹਨ। ਇਸ ਸਮੇਂ, ਸ਼ਿਕਾਗੋ ਖੇਤਰ ਵਿਚ ਕੋਈ ਸੁਰੱਖਿਆ ਸੈਂਟਰਜ਼ ਨਹੀਂ ਹਨ।

### ਕੀ ਮੈਂ ਦੂਸਰੇ ਸੈਂਟਰ ਵਿਚ ਜਾ ਸਕਦਾ/ਸਕਦੀ ਹਾਂ?
ਕਦੇ ਕਦੇ, ਅਮਲਾ ਕਿਸੇ ਅਵਿਅਸਕ ਨੂੰ ਇਕ ਕੇਂਦਰ ਤੋਂ ਦੂਜੇ ਕੇਂਦਰ ਭੇਜਣ ਦੇ ਲਈ ਓ ਆਰ ਆਰ (+ਝਵ) ਦੇ ਨਾਲ ਇਕੱਠਿਆਂ ਕੰਮ ਕਰੇਗਾ। ਆਮ ਕਰਕੇ ਇਹ ਅਵਿਅਸਕ ਦੇ ਸੁਭਾਅ ਕਰਕੇ ਹੁੰਦਾ ਹੈ। ਚੰਗਾ ਸੁਭਾਅ ਤੁਹਾਨੂੰ ਉਸ ਨਜ਼ਰਬੰਦੀ ਸੈਂਟਰ ਵਿਚ ''ਭੇਜ'' ਸਕਦਾ ਹੈ ਜਿੱਥੇ ਘੱਟ ਸੁਰੱਖਿਆ (ਅਤੇ ਵਧੇਰੇ ਸੁਤੰਤਰਤਾ) ਹੁੰਦੀ ਹੈ। ਦੂਜੇ ਪਾਸੇ, ਮਾੜਾ ਵਿਹਾਰ ਤੁਹਾਨੂੰ ਉਸ ਨਜ਼ਰਬੰਦੀ ਸੈਂਟਰ ਵਿਚ ''ਭੇਜ'' ਸਕਦਾ ਹੈ ਜਿੱਥੇ ਉੱਚ ਸੁਰੱਖਿਆ (ਅਤੇ ਘੱਟ ਸੁਤੰਤਰਤਾ) ਹੁੰਦੀ ਹੈ।



# ਨਜ਼ਰਬੰਦੀ ਦੇ ਸੈਂਟਰ ਵਿਖੇ ਮੈਨੂੰ ਕਿਹੜੇ ਹੱਕ ਉਪਲੱਬਧ ਹਨ?

ਬੇਸ਼ੱਕ ਤੁਹਾਨੂੰ ਨਜ਼ਰਬੰਦ ਕੀਤਾ ਗਿਆ ਹੈ, ਤਾਂ ਵੀ ਤੁਹਾਨੂੰ ਹੱਕ ਪ੍ਰਾਪਤ ਹੋਣਗੇ:

## ਮੁੱਢਲੀ ਸੰਭਾਲ ਦੇ ਮੇਰੇ ਹੱਕਾਂ ਦਾ ਕੀ ਹੋਏਗਾ?

- ਤੁਹਾਨੂੰ ਸਹੀ ਤਰ੍ਹਾਂ ਰਹਿਣ (ਭੋਜਨ, ਬਿਸਤਰ, ਸਾਫ਼ ਕੱਪੜੇ, ਸਾਬਣ, ਟੁੱਥਪੇਸਟ ਅਤੇ ਹੋਰ ਉਤਪਾਦਾਂ) ਦਾ ਹੱਕ ਪ੍ਰਾਪਤ ਹੋਏਗਾ।
- ਜੇ ਤੁਹਾਨੂੰ ਚਿਕਿਤਸਕ ਸੰਭਾਲ ਦੀ ਜ਼ਰੂਰਤ ਹੋਵੇ ਤਾਂ ਤੁਹਾਨੂੰ ਡਾਕਟਰ ਨੂੰ ਮਿਲਣ ਦਾ ਹੱਕ ਹੈ **ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ, ਤਾ ਆਪਣੇ ਕੇਸ ਵਰਕਰ ਨੂੰ ਤੁਰੰਤ ਦੱਸੋ।**
- ਤੁਹਾਨੂੰ ਤੁਰੰਤ ਜ਼ਰੂਰੀ ਦੰਦਾਂ ਦੇ ਇਲਾਜ ਦਾ ਅਧਿਕਾਰ ਹੈ।
- ਤੁਹਾਨੂੰ ਹਰ ਹਫ਼ਤੇ ਤੁਹਾਡੇ ਪਰਿਵਾਰ ਜਾਂ ਸੰਭਾਵਤ ਪ੍ਰਯੋਜਕਾਂ ਨਾਲ ਗੱਲ ਕਰਨਾ ਦਾ ਮੋਕਾ ਮਿਲੇਗਾ। ਤੁਸੀਂ ਆਪਣੇ ਸੰਯੁਕਤ ਰਾਜ ਵਿਚਲੇ ਜਾਂ ਵਿਦੇਸ਼ ਵਿਚਲੇ ਆਪਣੇ ਪਰਿਵਾਰ ਨੂੰ ਫ਼ੋਨ ਕਰ ਸਕਦੇ ਹੋ।
- ਉਸ ਸਮੇਂ ਜਦੋਂ ਮੋਸਮ ਇਸਦੀ ਇਜ਼ਾਜ਼ਤ ਦੇਵੇ, ਬਾਹਰ ਘੁੰਮ ਸਕਣ ਦੀਆਂ ਗਤੀਵਿਧੀਆਂ ਸਮੇਤ ਤੁਹਾਨੂੰ ਮਨੋਰੰਜਨ ਅਤੇ ਸਰੀਰਿਕ ਕ੍ਰਿਆਵਾਂ ਕਰਨ ਦਾ ਅਧਿਕਾਰ ਹੈ।
- ਜਿੱਥੇ ਕਿਤੇ ਵੀ ਸੰਭਵ ਹੋਏ ਤੁਹਾਨੂੰ ਤੁਹਾਡੀ ਪਸੰਦ ਦੀਆਂ ਧਾਰਮਿਕ ਸੇਵਾਵਾਂ ਤੱਕ ਪਹੁੰਚ ਕਰਨ ਦਾ ਅਧਿਕਾਰ ਹੈ।

## ਆਪਣੇ ਵਕੀਲ ਜਾਂ ਮੇਰੇ ਡਾਕਟਰ ਨਾਲ ਗੱਲ ਕਰ ਸਕਣ ਬਾਰੇ ਕੀ?

- ਤੁਹਾਨੂੰ ਆਪਣੇ ਵਕੀਲ ਜਾ ਡਾਕਟਰ ਨੂੰ ਕਾਲ ਕਰਨ ਅਤੇ ਨਿਜੀ ਰੂਪ ਵਿਚ ਉਸ ਨਾਲ ਗੱਲ ਕਰਨ ਦਾ ਹੱਕ ਹੈ। ਜੇ ਤੁਸੀਂ ਆਪਣੇ ਵਕੀਲ ਜਾਂ ਡਾਕਟਰ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਆਪਣੇ ਕੇਸ ਵਰਕਰ ਨੂੰ ਦੱਸੋ।

## ਤਾਂ ਕੀ ਹੋਏਗਾ, ਜੇ ਮੈਂ ਨਜ਼ਰਬੰਦੀ ਕੇਂਦਰ ਵਿਚ ਰਹਿੰਦੇ ਸਮੇਂ 18 ਸਾਲ ਦਾ ਹੋ ਜਾਂਦਾ/ਜਾਂਦੀ ਹਾਂ?

ਤੁਹਾਡੇ ਦੁਆਰਾ 18 ਸਾਲ ਦਾ/ਦੀ ਹੋਣ ਦੇ ਬਾਅਦ ਡੀ ਐਚ ਐਸ/ਆਈ ਸੀ ਈ (DHS/ICE) ਅਧਿਕਾਰੀ ਤੁਹਾਨੂੰ ਬੱਚਿਆਂ ਦੇ ਨਜ਼ਰਬੰਦੀ ਦੇ ਕੇਂਦਰ ਤੋਂ ਬਾਲਗਾਂ ਵਾਲੇ ਨਜ਼ਰਬੰਦੀ ਦੇ ਕੇਂਦਰ ਵਿਚ ਭੇਜਣ ਦਾ ਨਿਰਣਾ ਲੈ ਸਕਦੇ ਹਨ। ਇਹ ਪਤਾ ਲਗਾਉਣ ਲਈ, ਕਿ ਕੀ ਤੁਸੀਂ ਆਪਣੇ 18ਵੇਂ ਜਨਮਦਿਨ ਤੋਂ ਪਹਿਲਾਂ ਕੇਂਦਰ ਨੂੰ ਛੱਡ ਸਕਦੇ ਹੋ, ਆਪਣੇ ਕੇਸ ਵਰਕਰ ਦੇ ਨਾਲ ਕੰਮ ਕਰਨਾ ਬਹੁਤ ਜ਼ਰੂਰੀ ਹੈ।

## ਕੀ ਮੈਨੂੰ ਪਰਿਵਾਰਕ ਮੈਂਬਰ ਦੇ ਨਾਲ ਰਹਿਣ ਦੇ ਲਈ ਨਜ਼ਰਬੰਦੀ ਵਿਚੋਂ ਰਿਹਾਅ ਕੀਤਾ ਜਾ ਸਕਦਾ ਹੈ?

ਬਹੁਤ ਸਾਰੇ ਅਵਿਅਸਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਰਹਿਣ ਦੇ ਲਈ ਰਿਹਾਅ ਕੀਤਾ ਜਾ ਸਕਦਾ ਹੈ। ਜਦੋਂ ਤੁਸੀਂ ਹਿਰਾਸਤ ਵਿਚ ਹੁੰਦੇ ਹੋ ਤਾਂ ਆਫ਼ਿਸ ਆਫ਼ ਰਿਫ਼ਊਜੀ ਰੀਸੈਟਲਮੈਂਟ (ਓ ਆਰ ਆਰ) (Office of Refugee Resettlement, ORR) ਤੁਹਾਡੇ ਦੇਖਭਾਲ ਦੇ ਲਈ ਤੁਹਾਡਾ ਇੰਚਾਰਜ ਹੈ। ਓ ਆਰ ਆਰ (ORR) ਨੂੰ ਇਹ ਨਿਰਣਾ ਜ਼ਰੂਰ ਕਰਨਾ ਚਾਹੀਦਾ ਹੈ ਕਿ ਤੁਹਾਡੇ ਪਰਿਵਾਰ ਦੇ ਕੋਲ ਤੁਹਾਨੂੰ ਰਿਹਾਅ ਕੀਤੇ ਜਾਣਾ ਸੁਰੱਖਿਅਤ ਹੈ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਜਿਸ ਵਿਅਕਤੀ ਦੇ ਨਾਲ ਤੁਸੀਂ ਰਹਿਣ ਜਾ ਰਹੇ ਹੋ, ਜ਼ਿੰਮੇਵਾਰ ਅਤੇ ਸੁਰੱਖਿਅਤ ਹੈ ਅਤੇ ਇਹ ਗੱਲ ਕਿ ਜਦੋਂ ਤੁਸੀਂ ਤੁਹਾਡੇ ਪਰਿਵਾਰ ਦੇ ਨਾਲ ਰਹਿ ਰਹੇ ਹੋਵੋਗੇ ਤੁਸੀਂ ਖਤਰੇ ਵਿਚ ਨਹੀਂ ਹੋਵੋਗੇ। ਜੇ ਸੰਯੁਕਤ ਰਾਜ ਵਿਚ ਤੁਹਾਡਾ ਪਰਿਵਾਰ ਨਹੀਂ ਹੈ ਤਾਂ ਤੁਸੀਂ ਪਰਿਵਾਰਕ ਦੋਸਤ ਦੇ ਕੋਲ ਰਹਿ ਸਕਦੇ ਹੋ।



## ਮੇਰਾ ਪਰਿਵਾਰਕ ਮੈਂਬਰ ਦਸਤਾਵੇਜ਼ਬੱਧ ਨਹੀਂ ਹੈ। ਕੀ ਮੈਂ ਤਾਂ ਵੀ ਰਹਿ ਸਕਦਾ/ਸਕਦੀ ਹਾਂ?

ਤੁਹਾਨੂੰ ਉਸ ਪਰਿਵਾਰਕ ਮੈਂਬਰ ਦੇ ਕੋਲ ਰਹਿਣ ਦੇ ਲਈ ਰਿਹਾਅ ਕੀਤਾ ਜਾ ਸਕਦਾ ਹੈ ਜਿਸਦੇ ਕੋਲ ਸੰਯੁਕਤ ਰਾਜ ਵਿਚ ਰਹਿਣ ਦੇ ਲਈ ਇਜ਼ਾਜ਼ਤ ਨਹੀਂ ਹੈ (ਜਾਂ ਉਸਨੂੰ ਦਸਤਾਵੇਜ਼ਬੱਧ ਨਹੀਂ ਕੀਤਾ ਗਿਆ ਹੈ)। ਵੈਸੇ ਕਿਉਂਕਿ ਤੁਹਾਡੇ ਪਰਿਵਾਰਕ ਮੈਂਬਰ ਨੂੰ ਆਪਣੇ ਹੱਥਾਂ ਦੀਆਂ ਉਂਗਲਾਂ ਐਫ਼ ਬੀ ਆਈ (FBI) ਕੋਲ ਜ਼ਰੂਰ ਜਾਂਚ ਕਰਵਾਈਆਂ ਹੋਣੀਆਂ ਚਾਹੀਦੀਆਂ ਹਨ, ਤੁਹਾਡੇ ਪਰਿਵਾਰਕ ਮੈਂਬਰ ਦੇ ਲਈ ਜ਼ੋਖਮ ਹੋ ਸਕਦੇ ਹਨ: 1 ਜੇ ਤੁਹਾਡੇ ਪਰਿਵਾਰਕ ਮੈਂਬਰ ਨੂੰ ਵਾਪਸ ਭੇਜਿਆ ਜਾਂਦਾ ਹੈ ਜਾਂ ਉਸ ਨੂੰ ਸਰਕਾਰੀ ਉਲਝਣਾਂ ਹਨ, ਅਤੇ/ਜਾਂ 2 ਜੇ ਤੁਹਾਡੇ ਪਰਿਵਾਰਕ ਮੈਂਬਰ ਦੇ ਗ੍ਰਿਫ਼ਤਾਰੀ ਦੇ ਵਾਰੰਟ ਨਿਕਲੇ ਹਨ, ਜਾਂ ਉਸਨੇ ਗੰਭੀਰ ਅਪਰਾਧ ਕਰ ਦਿੱਤਾ ਹੈ। ਜੇ ਤੁਹਾਡੇ ਪਰਿਵਾਰਕ ਮੈਂਬਰ ਨੂੰ ਭੂਤਕਾਲ ਦੇ ਵਿਚ ਪੁਲਿਸ ਸਮੇਤ, ਸਰਕਾਰ ਦੇ ਨਾਲ ਕੁਝ ਮੁਸ਼ਕਲਾਂ ਹਨ ਤਾਂ ਇਸ ਗੱਲ ਦੀ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ ਕਿ ਉਹ ਤੁਹਾਨੂੰ ਸਪੌਂਸਰ ਕਰੇ। ਜਦੋਂ ਕਿਸੇ ਨੂੰ ਦਸਤਾਵੇਜ਼ਬੱਧ ਨਹੀਂ ਕੀਤਾ ਹੁੰਦਾ ਹੈ ਤਾਂ ਯਾਤਰਾ ਕਰਨ ਵਿਚ ਵੀ ਜ਼ੋਖਮ ਹੁੰਦਾ ਹੈ, ਅਤੇ ਤੁਹਾਡੇ ਪਰਿਵਾਰਕ ਮੈਂਬਰ ਨੂੰ ਤੁਹਾਨੂੰ ਲਿਜਾਣ ਦੇ ਲਈ ਨਜ਼ਰਬੰਦੀ ਕੇਂਦਰ ਵਿਖੇ ਜ਼ਰੂਰ ਆਉਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਕੋਈ ਸਵਾਲ ਹਨ ਤਾਂ ਆਪਣੇ ਕੇਸ ਵਰਕਰ ਨਾਲ ਗੱਲ ਕਰੋ।

## ਤਾਂ ਕੀ ਜੇ ਮੇਰਾ ਪਰਿਵਾਰ ਨਾ ਹੋਏ?
## ਕੀ ਮੈਨੂੰ ਤਾਂ ਵੀ ਨਜ਼ਰਬੰਦੀ ਤੋਂ ਰਿਹਾਅ ਕੀਤਾ ਜਾ ਸਕਦਾ ਹੈ?

ਜਿੱਥੇ ਤੁਹਾਨੂੰ ਨਜ਼ਰਬੰਦ ਕੀਤਾ ਗਿਆ ਹੈ ਓਥੋਂ ਤੁਸੀਂ ਇਸ ਗੱਲ ਤੇ ਰਿਹਾਅ ਹੋ ਸਕਦੇ ਹੋ ਕਿ ਕੀ ਤੁਸੀਂ ਵੀਜ਼ੇ ਦੇ ਲਈ ਯੋਗਤਾ ਪ੍ਰਾਪਤ ਕਰ ਲਈ ਹੈ ਜਾਂ ਤੁਹਾਡੀ ਉਮਰ ਬਾਲਗ ਉਮਰ ਹੋ ਚੁੱਕੀ ਹੈ। ਕੁਝ ਅਵਿਅਸਕ ਜੋ ਕਿ ਰਾਹਤ ਦੇ ਪਾਤਰ ਬਣਦੇ ਹਨ ਉਨ੍ਹਾਂ ਨੂੰ ਫੋਸਟਰ ਕੇਅਰ ਵਿਚ ਜਾਣ ਲਈ ਨਜ਼ਰਬੰਦੀ ਤੋਂ ਰਿਹਾਅ ਕੀਤਾ ਜਾ ਸਕਦਾ ਹੈ। ਫੋਸਟਰ ਕੇਅਰ ਉਸ ਸਮੇਂ ਹੁੰਦੀ ਹੈ ਜਦੋਂ ਤੁਸੀਂ ਉਸ ਪਰਿਵਾਰ ਦੇ ਨਾਲ ਰਹਿ ਸਕਦੇ ਹੋ ਜਿਸਨੂੰ ਕਿ ਸਰਕਾਰ ਨੇ ਸਵੀਕ੍ਰਿਤੀ ਦੇ ਦਿੱਤੀ ਹੈ। ਤੁਸੀਂ ਫੋਸਟਰ ਫੈਮਿਲੀ ਦੇ ਨਾਲ ਰਹਿੰਦੇ ਸਮੇਂ ਆਪਣਾ ਮੁਕੱਦਮਾ ਚਲਾ ਸਕਦੇ ਹੋ। ਪੂਰੇ ਸੰਯੁਕਤ ਰਾਜ ਦੇ ਵਿਚ ਫੋਸਟਰ ਫੈਮਿਲੀਆਂ ਹਨ। ਐਨ ਆਈ ਜੇ ਸੀ (NIJC) ਵਿਖੇ ਕਨੂੰਨੀ ਦਲ ਇਸ ਦੇ ਲਈ ਬੇਨਤੀ ਕਰਨ ਦੇ ਯੋਗ ਹੋ ਸਕਦਾ ਹੈ ਕਿ ਤੁਹਾਡੇ, ਸੰਯੁਕਤ ਰਾਜ ਦੇ ਕਿਸੇ ਖਾਸ ਹਿੱਸੇ ਦੇ ਵਿਚ ਪਰਿਵਾਰ ਦੇ ਨਾਲ ਰਹਿਣ ਲਈ ਬੇਨਤੀ ਕਰ ਸਕਦਾ ਹੈ, ਪਰ ਅੰਤਮ ਨਿਰਣਾ ਓ ਆਰ ਆਰ (ORR) ਦੁਆਰਾ ਹੀ ਲਿਆ ਜਾਵੇਗਾ। ਜੇ ਤੁਹਾਨੂੰ ਫੋਸਟਰ ਕੇਅਰ ਦੇ ਲਈ ਰਿਹਾਅ ਕਰ ਦਿੱਤਾ ਜਾਂਦਾ ਹੈ, ਤਾਂ ਐਨ ਆਈ ਜੇ ਸੀ (NIJC) ਨਵੇਂ ਵਕੀਲ ਨਾਲ ਤੁਹਾਡਾ ਸੰਪਰਕ ਸਥਾਪਤ ਕਰਨ ਲਈ ਕਰੇਗੀ ਜੋ ਤੁਹਾਡੇ ਨਵੇਂ ਘਰ ਦੇ ਨਜ਼ਦੀਕ ਰਹਿੰਦਾ ਹੈ।

## ਮੇਰੇ ਰਿਹਾਅ ਹੋਣ ਦੇ ਵਿਚ ਕਿੰਨਾ ਸਮਾਂ ਲੱਗੇਗਾ?



ਤੁਹਾਨੂੰ ਕਿੰਨੀ ਜਲਦੀ ਰਿਹਾਅ ਕੀਤਾ ਜਾਂਦਾ ਹੈ ਇਸਨੂੰ ਕਈ ਵਿਭਿੰਨ ਕਾਰਕ ਪ੍ਰਭਾਵਿਤ ਕਰਨਗੇ:

- ਆਮ ਕਰਕੇ ਜਿੰਨਾ ਘੱਟ ਸੁਰੱਖਿਆ ਵਾਲਾ ਤੁਹਾਡਾ ਨਜ਼ਰਬੰਦੀ ਦਾ ਸੈਂਟਰ ਹੁੰਦਾ ਹੈ, ਓਨੀ ਹੀ ਜਲਦੀ ਤੁਸੀਂ ਰਿਹਾਅ ਹੋ ਸਕਦੇ ਹੋ।
- ਹਰ ਮਾਮਲਾ ਅਲੱਗ ਹੁੰਦਾ ਹੈ। ਕੁਝ ਅਵਿਅਸਕਾਂ ਨੂੰ ਤਾਂ ਥੋੜੇ ਹਫਤਿਆਂ ਵਿੱਚ ਹੀ ਰਿਹਾਅ ਕਰ ਦਿੱਤਾ ਜਾਂਦਾ ਹੈ ਅਤੇ ਕੁਝ ਦੀ ਕਾਰਵਾਈ ਵਿੱਚ ਕਈ ਵਾਰ ਜ਼ਿਆਦਾ ਸਮਾਂ ਲੱਗ ਜਾਂਦਾ ਹੈ।

  ਕੁਝ ਅਵਿਅਸਕਾਂ ਦੇ ਪਰਿਵਾਰਾਂ ਨੂੰ ਇਹ ਨਿਰਧਾਰਣ ਕਰਨ ਲਈ ਢੁੱਕਵੀਂ ਜਾਂਚ ਅਧੀਨ ਗੁਜ਼ਰਨਾ ਪਵੇਗਾ ਕਿ ਤੁਹਾਡੇ ਲਈ ਉਸ ਘਰ ਅਤੇ ਉਸ ਪਰਿਵਾਰ ਦੇ ਵਿਚ ਰਹਿਣਾ ਸੁਰੱਖਿਅਤ ਹੈ। ਇਸ ਪ੍ਰਕਿਰਿਆ ਕਾਰਨ ਤੁਹਾਡੀ ਰਿਹਾਈ ਵਿੱਚ ਦੇਰੀ ਹੋ ਸਕਦੀ ਹੈ।
- ਜੇ ਤੁਹਾਡੇ ਖਿਲਾਫ਼ ਜੁਵੇਨਾਇਲ ਫੈਸਲੇ ਜਾਂ ਅਪਰਾਧਕ ਦੋਸ਼, ਚੱਲ ਰਹੇ ਦੋਸ਼, ਜਾਂ ਨਿਕਲੇ ਹੋਏ ਵਾਰੰਟ ਹਨ ਤਾਂ ਤੁਹਾਨੂੰ ਰਿਹਾਅ ਕੀਤੇ ਜਾਣ ਵਿਚ ਦੇਰੀ ਹੋ ਸਕਦੀ ਹੈ।
- ਨਜ਼ਰਬੰਦੀ ਦੇ ਕੇਂਦਰ ਤੋਂ ਰਿਹਾਅ ਹੋਣ ਵਿਚ ਐਨ ਆਈ ਜੇ ਸੀ (NIJC) ਦੇ ਕਨੂੰਨੀ ਦਲ ਦਾ ਕੋਈ ਕੰਟਰੋਲ ਨਹੀਂ ਹੁੰਦਾ ਹੈ।
- ਤੁਹਾਨੂੰ ਰਿਹਾਅ ਕੀਤੇ ਜਾਣ ਦੇ ਨਾਲ ਸੰਬੰਧਤ ਪ੍ਰਸ਼ਨ ਹਮੇਸ਼ਾ ਨਜ਼ਰਬੰਦੀ ਸੈਂਟਰ ਵਿਖੇ ਸਥਿਤ ਤੁਹਾਡੇ ਕੇਸ ਵਰਕਰ ਤੋਂ ਪੁੱਛੇ ਜਾਣੇ ਚਾਹੀਦੇ ਹਨ।



## ਜਦੋਂ ਮੈਨੂੰ ਮੇਰੇ ਪਰਿਵਾਰ ਜਾਂ ਫੋਸਟਰ ਫੈਮਿਲੀ ਦੇ ਕੋਲ ਜਾਣ ਲਈ ਨਜ਼ਰਬੰਦੀ ਤੋਂ ਰਿਹਾਅ ਕਰ ਦਿੱਤਾ ਜਾਂਦਾ ਹੈ ਤਾਂ ਮੇਰੇ ਮੁਕੱਦਮੇ ਦਾ ਕੀ ਬਣੇਗਾ?

**ਨਜ਼ਰਬੰਦੀ ਕੇਂਦਰ ਤੋਂ ਰਿਹਾਅ ਹੋਣ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਡਾ ਅਪ੍ਰਵਾਸ ਦਾ ਮੁਕੱਦਮਾ ਖਤਮ ਹੋ ਗਿਆ ਹੈ!**

ਕੇਂਦਰਾਂ ਤੋਂ ਰਿਹਾਈ ਹੋਣ ਦਾ ਮਤਲਬ ਇਹ ਹੈ ਕਿ ਤੁਸੀਂ ਆਪਣੇ ਪਰਿਵਾਰ ਦੇ ਨਾਲ ਰਹਿ ਸਕਦੇ ਹੋ ਜਦਕਿ ਤੁਹਾਡਾ ਮੁਕੱਦਮੇ ਚਲ ਰਿਹਾ ਹੁੰਦਾ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਸੰਯੁਕਤ ਰਾਜ ਵਿੱਚ ਸਥਾਈ ਤੌਰ ਤੇ ਰਹਿਣ ਦੀ ਕਨੂੰਨੀ ਇਜਾਜ਼ਤ ਮਿਲ ਗਈ ਹੈ। ਅਪ੍ਰਵਾਸ ਦਾ ਜੱਜ ਜਾਂ ਅਪ੍ਰਵਾਸ ਨਾਲ ਸੰਬੰਧਛ ਅਧਿਕਾਰੀ ਦੁਆਰਾ ਤੁਹਾਡੇ ਕੇਸ ਨੂੰ ਜਾਣਨ ਦੇ ਬਾਅਦ ਇਹ ਨਿਰਣਾ ਜ਼ਰੂਰ ਕਰਨਾ ਚਾਹੀਦਾ ਹੈ ਕਿ ਤੁਸੀਂ ਸੰਯੁਕਤ ਰਾਜ ਵਿਚ ਰਹਿ ਸਕਦੇ ਹੋ ਜਾਂ ਨਹੀਂ।

ਤੁਹਾਨੂੰ ਇਕ ਵਾਰ ਰਿਹਾਅ ਕਰਨ ਤੇ ਤੁਸੀਂ ਅਰਜ਼ੀ ਦੇ ਸਕਦੇ ਹੋ ਕਿ ਤੁਹਾਡੇ ਕੇਸ ਨੂੰ ਉਸ ਅਪ੍ਰਵਾਸ ਅਦਾਲਤ ਵਿਚ ਹਸਤਾਂਤਰਿਤ ਕਰ ਦਿੱਤਾ ਜਾਵੇ ਜੋ ਤੁਹਾਡੇ ਨਵੇਂ ਘਰ ਦੇ ਸਭ ਤੋਂ ਨਜ਼ਦੀਕ ਹੈ। ਜੇ ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ ਤਾਂ ਤੁਹਾਡੀ ਨਵੀਂ ਅਪ੍ਰਵਾਸ ਅਦਾਲਤ ਤੁਹਾਡੀ ਨਵੀਂ ਅਦਾਲਤੀ ਤਾਰੀਖ ਅਤੇ ਸਥਾਨ ਬਾਰੇ ਜਾਣਕਾਰੀ ਦੇ ਨਾਲ ਤੁਹਾਡੇ ਨਵੇਂ ਪਤੇ ਤੇ ਤੁਹਾਨੂੰ ਪੱਤਰ ਭੇਜੇਗੀ।

### ਕੀ ਮੈਨੂੰ ਵਕੀਲ ਦੀ ਜ਼ਰੂਰਤ ਹੈ, ਅਤੇ ਮੈਨੂੰ ਇਸਨੂੰ ਕਿਵੇਂ ਲੱਭਾਂ?

ਜਦੋਂ ਤੁਹਾਨੂੰ ਨਜ਼ਰਬੰਦੀ ਤੋਂ ਰਿਹਾਅ ਕਰ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਤੁਹਾਡੀ ਪ੍ਰਤੀਨਿੱਧਤਾ ਕਰਨ ਲਈ ਵਕੀਲ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਮੈਨੁਅਲ ਦੇ ਅੰਤ ਵਿਚ ਵੀ ਮੁਫ਼ਤ ਜਾਂ ਘੱਟ ਕੀਮਤ ਦੇ ਕੰਮ ਕਰਨ ਵਾਲੇ ਵਕੀਲਾਂ ਦੀ ਸੂਚੀ ਦਿੱਤੀ ਗਈ ਹੈ। ਵਕੀਲ ਤੁਹਾਨੂੰ ਇਹ ਸਮਝਣ ਵਿਚ ਮਦਦ ਕਰਦਾ ਹੈ ਕਿ ਅਪ੍ਰਵਾਸ ਅਦਾਲਤ ਅਤੇ ਤੁਹਾਡੇ ਕੇਸ ਵਿਚ ਕੀ ਹੋ ਰਿਹਾ ਹੈ। ਜੇ ਤੁਹਾਨੂੰ ਕਾਨੂੰਨੀ ਰੂਪ ਵਿਚ ਸੰਯੁਕਤ ਰਾਜ ਵਿਚ ਰਹਿਣ ਦੀ ਇਜ਼ਾਜ਼ਤ ਮਿਲ ਜਾਂਦੀ ਹੈ, ਤਾਂ ਵਕੀਲ ਤੁਹਾਡੇ ਕੇਸ ਨੂੰ ਜੱਜ ਕੋਲ ਦੱਸਣ ਵਿਚ ਮਦਦ ਕਰ ਸਕਦਾ ਹੈ।

ਤੁਹਾਨੂੰ ਵਕੀਲ ਲੈਣ ਦੀ ਜ਼ਰੂਰਤ ਨਹੀਂ ਹੈ। ਜੇ ਤੁਸੀਂ ਵਕੀਲ ਨੂੰ ਨਹੀਂ ਲੱਭ ਸਕਦੇ ਤਾਂ ਤੁਸੀਂ ਅਦਾਲਤ ਵਿਚ ਜਾ ਸਕਦੇ ਹੋ ਅਤੇ ਜੱਜ ਕੋਲ, ਵਕੀਲ ਨੂੰ ਲੱਭਣ ਲਈ ਵਧੇਰੇ ਸਮਾਂ ਦੇਣ ਲਈ ਕਹਿ ਸਕਦੇ ਹੋ। ਬਹੁਤੇ ਜੱਜ, ਵਕੀਲ ਨੂੰ ਲੱਭਣ ਲਈ ਤੁਹਾਨੂੰ ਸਮਾਂ ਦੇ ਦੇਣਗੇ। ਜੇ ਤੁਹਾਡੇ ਕੋਲ ਵਕੀਲ ਨਹੀਂ ਹੈ ਤਾਂ ਵੀ ਤੁਹਾਨੂੰ ਅਦਾਲਤੀ ਸੁਣਵਾਈਆਂ ਵਿਖੇ ਜ਼ਰੂਰ ਹਾਜ਼ਰ ਹੋਣਾ ਚਾਹੀਦਾ ਹੈ ਨਹੀਂ ਤਾਂ ਜੱਜ ਤੁਹਾਨੂੰ ਵਾਪਸ ਭੇਜੇ ਜਾਣ ਦਾ ਆਦੇਸ਼ ਦੇ ਦੇਵੇਗਾ।

ਅਪ੍ਰਵਾਸ ਵਕੀਲ ਦੇ ਨਾਲ ਸਲਾਹ-ਮਸ਼ਵਰਾ ਕਰਨ ਲਈ ਤੁਹਾਨੂੰ ਅਦਾਲਤੀ ਤਾਰੀਖ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਅਸੀਂ ਤੁਹਾਨੂੰ ਉਤਸ਼ਾਹ ਦਿੰਦੇ ਹਾਂ ਕਿ ਜਿੰਨੀ ਛੇਤੀ ਹੋ ਸਕੇ ਤੁਸੀਂ ਆਪਣੇ ਮੁਕੱਦਮੇ ਦੇ ਵਿਕਲਪਾਂ ਦੀ ਚਰਚਾ ਕਰਨ ਲਈ ਕੋਈ ਵਕੀਲ ਲੱਭੋ।



## ਯਾਦ ਰੱਖੋ ਤੁਹਾਨੂੰ ਇਹ ਕਰਨਾ ਚਾਹੀਦਾ ਹੈ ਕਿ:

- ਅਦਾਲਤੀ ਸੁਣਵਾਈਆਂ ਤੇ ਹਮੇਸ਼ਾ ਜਾਓ: ਜੇ ਤੁਸੀਂ ਅਦਾਲਤ ਨਹੀਂ ਜਾਂਦੇ ਹੋ ਤਾਂ ਜੱਜ ਤੁਹਾਨੂੰ ਤੁਹਾਡੇ ਦੇਸ਼ ਵਾਪਸ ਭੇਜ ਸਕਦਾ ਹੈ। ਇਹ ਜਾਣਨ ਲਈ ਕਿ ਤੁਹਾਡੀ ਅਦਾਲਤੀ ਤਾਰੀਖ ਆਈ ਹੋਈ ਹੈ, 1-800-898-7180 ਉੱਤੇ ਕਾਲ ਕਰੋ ਅਤੇ ਆਪਣਾ 'A' ਨੰਬਰ ਦਾਖਲ ਕਰੋ। ਤੁਸੀਂ ਇਸ ਨੰਬਰ ਨੂੰ ਅਪ੍ਰਵਾਸ ਦੇ ਕਾਗਜ਼ਾਂ ਜੋ ਤੁਹਾਡੇ ਕੋਲ ਹਨ ਜਾਂ ਉਨ੍ਹਾਂ ਪੱਤਰਾਂ ਤੇ ਜੋ ਐਨ ਆਈ ਜੇ ਸੀ (NIJC) ਨੇ ਤੁਹਾਡੇ ਰਿਹਾਅ ਹੋਣ ਦੇ ਬਾਅਦ ਭੇਜੇ ਸਨ, ਉੱਤੇ ਦੇਖ ਸਕਦੇ ਹੋ।

- ਤੁਸੀਂ ਕਿੱਥੇ ਰਹਿ ਰਹੇ ਹੋ, ਬਾਰੇ ਸਰਕਾਰ ਨੂੰ ਹਮੇਸ਼ਾ ਦੱਸੋ: ਜੇ ਤੁਸੀਂ ਨਵੇਂ ਪਤੇ ਤੇ ਜਾਂਦੇ ਹੋ, ਤਾਂ ਤੁਹਾਨੂੰ ਅਪ੍ਰਵਾਸ ਜੱਜ ਅਤੇ ਅਪ੍ਰਵਾਸ ਦੇ ਅਧਿਕਾਰੀਆਂ ਨੂੰ ਆਪਣੇ ਨਵੇਂ ਪਤੇ ਬਾਰੇ ਦੱਸਣਾ ਚਾਹੀਦਾ ਹੈ, ਤਾਂ ਕਿ ਉਹ ਤੁਹਾਨੂੰ ਅਦਾਲਤੀ ਦੀ ਅਗਲੀ ਮੁਲਾਕਾਤ ਦੇ ਲਈ ਨੋਟਿਸ ਭੇਜ ਸਕਣ। ਇਹ ਕਰਨ ਦੇ ਲਈ, ਤੁਹਾਨੂੰ EOIR-33 ਫਾਰਮ ਨੂੰ ਦਾਖਲ ਕਰਨਾ ਚਾਹੀਦਾ ਹੈ, ਜਿਸਨੂੰ ਤੁਸੀਂ www.usdoj.gov/eoir ਤੋਂ ਦੇਖ ਸਕਦੇ ਹੋ, ਅਪ੍ਰਵਾਸ ਅਦਾਲਤ ਅਤੇ ਡੀ ਐਚ ਐਸ/ਆਈ ਸੀ ਈ (DHS/ICE) ਤੋਂ ਲੈ ਸਕਦੇ ਹੋ।

- ਨਜ਼ਰਬੰਦੀ ਦੇ ਕੇਂਦਰ ਤੋਂ ਰਿਹਾਅ ਹੋਣ ਦਾ ਮਤਲਬ ਇਹ ਨਹੀਂ ਹੈ ਤੁਹਾਨੂੰ ਕੰਮ ਕਰਨ ਦਾ ਅਧਿਕਾਰ ਹੈ: ਜੇ ਤੁਸੀਂ ਕੰਮ ਕਰਨਾ ਚਾਹੁੰਦੇ ਹੋ ਕਿਉਂਕਿ ਤੁਹਾਨੂੰ ਰਿਹਾਅ ਕਰ ਦਿੱਤਾ ਗਿਆ ਹੈ, ਤਾ ਤੁਹਾਨੂੰ ਇਸ ਦੇ ਬਾਰੇ ਵਕੀਲ ਦੇ ਨਾਲ ਗੱਲ ਕਰਨੀ ਚਾਹੀਦੀ ਹੈ।

- ਤੁਹਾਨੂੰ ਸਕੂਲ ਵਿਚ ਦਾਖਲ ਹੋਣ ਦਾ ਅਧਿਕਾਰ ਹੈ: ਤੁਹਾਨੂੰ ਸਕੂਲ ਦੇ ਵਿਚ ਦਾਖਲ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਸਕੂਲ ਵਿਚ ਦਾਖਲ ਹੋਣ ਦੇ ਵਿਚ ਕੋਈ ਮੁਸ਼ਕਲ ਹੈ ਤਾਂ ਆਪਣੇ ਵਕੀਲ ਨੂੰ ਦੱਸੋ।

- ਜਦੋਂ ਤੁਸੀਂ ਤੁਹਾਡੇ ਪਰਿਵਾਰ ਦੇ ਮੈਂਬਰ ਦੇ ਨਾਲ ਰਹਿ ਰਹੇ ਹੁੰਦੇ ਹੋ ਤਾਂ ਤੁਹਾਨੂੰ ਸੁਰੱਖਿਅਤ ਅਤੇ ਤੰਦਰੁਸਤ ਰਹਿਣ ਦਾ ਅਧਿਕਾਰ ਹੈ: ਜੇ ਤੁਹਾਡੇ ਪਰਿਵਾਰ ਦੇ ਮੈਂਬਰ ਦਾ ਤੁਹਾਨੂੰ ਨੁਕਸਾਨ ਪਹੁੰਚਾ ਰਿਹਾ ਹੈ ਜਾਂ ਤੁਹਾਨੂੰ ਉਹ ਕੰਮ ਕਰਵਾਉਣ ਦੇ ਲਈ ਜ਼ਬਰਦਸਤੀ ਕਰ ਰਿਹਾ ਹੈ ਜੋ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਨੂੰ ਕਰਨਾ ਚਾਹੀਦਾ ਹੈ, ਤਾਂ ਤੁਹਾਨੂੰ ਤੁਰੰਤ ਪੁਲਿਸ ਨੂੰ ਬੁਲਾਉਣਾ ਚਾਹੀਦਾ ਹੈ ਅਤੇ ਆਪਣੇ ਵਕੀਲ ਨੂੰ ਦੱਸਣਾ ਚਾਹੀਦਾ ਹੈ। ਆਪਾਤਕਾਲੀਨ ਹਾਲਤ ਵਿਚ ਤੁਹਾਨੂੰ 911 ਡਾਇਲ ਕਰਕੇ ਪੁਲਿਸ ਨੂੰ ਬੁਲਾਉਣਾ ਚਾਹੀਦਾ ਹੈ।

- ਤੁਹਾਨੂੰ ਮੁਸ਼ਕਲਾਂ ਤੋਂ ਦੂਰ ਰਹਿਣਾ ਚਾਹੀਦਾ: ਹਮੇਸ਼ਾ ਇਹ ਯਾਦ ਰੱਖੋ ਕਿ ਅਪ੍ਰਵਾਸ ਦੇ ਜੱਜ ਨੇ ਤੁਹਾਡੇ ਮੁਕੱਦਮੇ ਦੇ ਬਾਰੇ ਨਿਰਣਾ ਨਹੀਂ ਲਿਆ ਹੈ। ਜੇ ਤੁਸੀਂ ਸਕੂਲ ਵਿਚ ਜਾਂ ਪੁਲਿਸ ਦੇ ਨਾਲ ਉਲਝ ਜਾਂਦੇ ਹੋ ਤਾਂ ਇਹ ਜੱਜ ਦੇ ਤੁਹਾਨੂੰ ਸੰਯੁਕਤ ਰਾਜ ਵਿਚ ਰਹਿਣ ਦੇਣ ਦੀ ਇਜ਼ਾਜ਼ਤ ਦੇਣ ਦੇ ਨਿਰਣੇ ਨੂੰ ਪ੍ਰਭਾਵਿਤ ਕਰ ਸਕਦਾ ਹੈ।




## ਅਟਾਰਨੀ ਕੌਣ ਹੁੰਦਾ ਹੈ ਅਤੇ ਮੇਰਾ ਵਕੀਲ ਮੇਰੀ ਮਦਦ ਕਿਸ ਤਰ੍ਹਾਂ ਕਰੇਗਾ?

''ਅਟਾਰਨੀ'' ਵਕੀਲ ਦੇ ਲਈ ਵਰਤਿਆ ਜਾਂਦਾ ਇਕ ਹੋਰ ਸ਼ਬਦ ਹੈ। ਤੁਹਾਡੇ ਵਕੀਲ ਦਾ ਕੰਮ ਤੁਹਾਨੂੰ ਤੁਹਾਡੇ ਅਪ੍ਰਵਾਸ ਦੇ ਕੇਸ ਬਾਰੇ ਸਲਾਹ ਦੇਣਾ ਹੈ, ਅਤੇ ਜੇ ਤੁਸੀਂ ਯੋਗ ਹੋ ਜਾਂਦੇ ਹੋ, ਤਾਂ ਉਹ ਅਪ੍ਰਵਾਸ ਰਾਹਤ, ਜੋ ਤੁਹਾਨੂੰ ਸੰਯੁਕਤ ਰਾਜ ਵਿਚ ਰਹਿਣ ਦੀ ਇਜ਼ਾਜ਼ਤ ਦੇ ਸਕਦੀ ਹੈ ਦੇ ਲਈ ਦਰਖਾਸਤ ਦੇਣ ਵਿਚ ਉਹ ਤੁਹਾਡੀ ਮਦਦ ਕਰੇਗਾ। ਵਕੀਲ ਉਨ੍ਹਾਂ ਲੋਕਾਂ ਦੀ ਵੀ ਮਦਦ ਕਰਦੇ ਹਨ ਜੋ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ। ਤੁਹਾਡਾ ਵਕੀਲ ਤੁਹਾਡੇ ਲਈ ਕੰਮ ਕਰਦਾ ਹੈ। ਉਹ ਸਰਕਾਰ ਲਈ ਨਹੀਂ ਕੰਮ ਕਰਦਾ ਜਾਂ ਕਰਦੀ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਇਕ ਅਜਿਹਾ ਵਕੀਲ ਲੱਭਦੇ ਹੋ ਜੋ ਅਪ੍ਰਵਾਸ ਕਾਨੂੰਨ ਵਿਚ ਸਿਖਲਾਈ ਪ੍ਰਾਪਤ ਹੈ।

ਜਦੋਂ ਤੁਸੀਂ ਆਪਣੇ ਵਕੀਲ ਨੂੰ ਪਹਿਲੀ ਵਾਰ ਮਿਲਦੇ ਹੋ, ਤਾਂ ਉਹ ਤੁਹਾਨੂੰ ਬਹੁਤ ਸਾਰੇ ਪ੍ਰਸ਼ਨ ਪੁੱਛੇਗਾ ਜਾਂ ਪੁੱਛੇਗੀ ਅਤੇ ਇਹ ਪੁੱਛੇਗਾ/ਪੁੱਛੇਗੀ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ। ਤੁਹਾਡਾ ਵਕੀਲ ਤੁਹਾਨੂੰ ਬਹੁਤ ਜ਼ਿਆਦਾ ਨਿਜੀ ਜਾਂ ਮੁਸ਼ਕਲ ਪ੍ਰਸ਼ਨ ਪੁੱਛ ਸਕਦਾ ਹੈ। ਜਦੋਂ ਤੱਕ ਤੁਸੀਂ ਉਸਨੂੰ ਅਜਿਹਾ ਕਰਨ ਦੇ ਲਈ ਖਾਸ ਇਜ਼ਾਜ਼ਤ ਨਹੀਂ ਦਿੰਦੇ, ਜੋ ਜਾਣਕਾਰੀ ਤੁਸੀਂ ਉਸਨੂੰ ਦਿੰਦੇ ਹੋ ਉਹ ਕਿਸੇ ਹੋਰ ਨਾਲ ਸਾਂਝੀ ਨਹੀਂ ਕਰ ਸਕਦਾ ਜਾਂ ਕਰ ਸਕਦੀ। ਇਹ ਮਹੱਤਵਪੂਰਨ ਹੈ ਕਿ ਆਪਣੇ ਭੂਤਕਾਲ ਦੇ ਬਾਰੇ ਤੁਸੀਂ ਤੁਹਾਡੇ ਵਕੀਲ ਨੂੰ ਸਭ ਕੁਝ ਦੱਸਦੇ ਹੋ, ਤੁਸੀਂ ਇਸ ਦੇਸ਼ ਦੇ ਵਿਚ ਕਿਵੇਂ ਆਏ ਅਤੇ ਕਿਉਂ ਆਏ। ਜੇ ਤੁਸੀਂ ਆਪਣੇ ਵਕੀਲ ਨੂੰ ਸੱਚ ਨਹੀਂ ਦੱਸਦੇ, ਤਾਂ ਹੋ ਸਕਦਾ ਹੈ ਉਹ ਤੁਹਾਡੀ ਮਦਦ ਨਾ ਕਰ ਸਕੇ। ਜਿੰਨਾ ਜ਼ਿਆਦਾ ਵਕੀਲ ਤੁਹਾਡੇ ਬਾਰੇ ਜਾਣੇਗਾ ਓਨਾ ਜ਼ਿਆਦਾ ਉਹ ਤੁਹਾਡੀ ਮਦਦ ਕਰ ਸਕੇਗਾ ਜਾਂ ਕਰ ਸਕੇਗੀ।

ਤੁਹਾਡੇ ਦੁਆਰਾ ਆਪਣੇ ਵਕੀਲ ਨੂੰ ਮਿਲਣ ਦੇ ਬਾਅਦ, ਉਸਨੂੰ ਕਾਨੂੰਨੀ ਵਿਕਲਪਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨੀ ਚਾਹੀਦੀ ਹੈ, ਅਤੇ ਤੁਹਾਡੇ ਲਈ ਸਭ ਤੋਂ ਵਧੀਆ ਨਿਰਣਾ ਲੈਣ ਵਿਚ ਮਦਦ ਕਰਨੀ ਚਾਹੀਦੀ ਹੈ। ਤੁਹਾਡੇ ਵਕੀਲ ਨੂੰ ਅਪ੍ਰਵਾਸ ਦੇ ਕਾਨੂੰਨ ਬਾਰੇ ਤੁਹਾਨੂੰ ਸਲਾਹ ਦੇਣੀ ਚਾਹੀਦੀ ਹੈ। ਤੁਹਾਡੇ ਦੁਆਰਾ ਕੀਤੀ ਗਈ ਮੰਗ ਨੂੰ ਹਰ ਸਮੇਂ ਪੂਰਾ ਕਰਨਾ ਤੁਹਾਡੇ ਵਕੀਲ ਲਈ ਹਰ ਸਮੇਂ ਸੰਭਵ ਨਹੀਂ ਹੁੰਦਾ ਹੈ। ਜੇ ਤੁਸੀਂ ਆਪਣੇ ਵਕੀਲ ਤੋਂ ਖੁਸ਼ ਨਹੀਂ ਹੋ, ਤਾਂ ਤੁਹਾਨੂੰ ਦੂਜਾ ਵਕੀਲ ਲੱਭਣ ਦਾ ਹੱਕ ਹੈ। ਵੈਸੇ ਜੇ ਤੁਸੀਂ ਆਪਣਾ ਵਕੀਲ ਬਦਲਦੇ ਹੋ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਪੁਰਾਣੇ ਵਕੀਲ ਨੂੰ ਦੱਸ ਦਿੰਦੇ ਹੋ ਕਿ ਤੁਹਾਨੂੰ ਹੁਣ ਉਸਦੀ ਮਦਦ ਦੀ ਹੋਰ ਜ਼ਰੂਰਤ ਨਹੀਂ ਹੈ।

# ਆਪਣੇ ਵਕੀਲ ਤੋਂ ਮੈਂ ਕੀ ਆਸ ਕਰ ਸਕਦਾ/ਸਕਦੀ ਹਾਂ?

ਤੁਹਾਡੇ ਵਕੀਲ ਨੂੰ ਇਹ ਕਰਨਾ ਚਾਹੀਦਾ ਹੈ:

- ਤੁਹਾਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ
- ਤੁਹਾਡੇ ਨਾਲ ਦੋਸਤਾਨਾ ਵਿਹਾਰ ਅਤੇ ਸਤਿਕਾਰ ਨਾਲ ਮਿਲਣਾ ਚਾਹੀਦਾ ਹੈ
- ਜੇ ਉਹ ਤੁਹਾਡੀ ਭਾਸ਼ਾ ਨਹੀਂ ਬੋਲਦਾ ਜਾਂ ਬੋਲਦੀ ਹੈ ਤਾਂ ਅਨੁਵਾਦਕ ਦੀਆਂ ਸੇਵਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ
- ਅਦਾਲਤ ਤੋਂ ਪਹਿਲਾਂ, ਇਸਦੇ ਦੌਰਾਨ ਅਤੇ ਬਾਅਦ ਵਿਚ – ਉਪਲੱਬਧ ਸਾਰੇ ਵਿਕਲਪਾਂ ਬਾਰੇ ਤੁਹਾਨੂੰ ਦੱਸਣਾ ਚਾਹੀਦਾ ਹੈ
- ਉਨ੍ਹਾਂ ਪ੍ਰਸ਼ਨਾਂ ਬਾਰੇ ਦੱਸਣਾ ਚਾਹੀਦਾ ਹੈ ਜੋ ਜੱਜ ਪੁੱਛ ਸਕਦਾ ਹੈ
- ਤੁਹਾਨੂੰ ਕੇਸ ਦੇ ਬਾਰੇ ਸੂਚਿਤ ਰੱਖਣਾ
- ਤੁਹਾਡੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ
- ਤੁਹਾਡੀਆਂ ਫ਼ੋਨਾਂ ਕਾਲਾਂ ਦਾ ਤੁਰੰਤ ਉੱਤਰ ਦੇਣਾ
- ਅਪ੍ਰਵਾਸ ਦੇ ਅਧਿਕਾਰੀਆਂ ਅਤੇ ਅਪ੍ਰਵਾਸ ਅਦਾਲਤ ਦੇ ਕੋਲ ਤੁਹਾਡੇ ਕੇਸ ਵਿਚ ਆ ਰਹੀਆਂ ਤਬਦੀਲੀਆਂ ਨੂੰ ਜਾਣਨਾ
- ਤੁਹਾਡੇ ਨਾਲ ਨਿਯਮਤ ਮੁਲਾਕਾਤਾਂ ਕਰਨੀਆਂ
- ਤੁਹਾਡੇ ਦੁਆਰਾ ਕਿਸੇ ਦਸਤਾਵੇਜ਼ ਉੱਤੇ ਦਸਤਖਤ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਬਾਰੇ ਦੱਸਣਾ
- ਤੁਹਾਡੇ ਦੁਆਰਾ ਕਿਸੇ ਦਸਤਾਵੇਜ਼ ਉੱਤੇ ਦਸਤਖ਼ਤ ਕਰਨ ਨਾਲ ਪਹਿਲਾਂ ਤੁਹਾਨੂੰ ਇਹ ਦੱਸਣਾ ਕਿ ਉਹ ਕਿੰਨੀ ਫੀਸ ਲਵੇਗਾ ਜਾਂ ਲਵੇਗੀ, ਅਤੇ ਤੁਹਾਨੂੰ ਇਹ ਦੱਸਣਾ ਕਿ ਤੁਸੀਂ ਕਿਸ ਤਰ੍ਹਾਂ ਭੁਗਤਾਨ ਕਰ ਸਕਦੇ ਹੋ
- ਜੇ ਤੁਸੀਂ ਆਪਣੇ ਵਕੀਲ ਦਾ ਖਰਚ ਵਹਿਣ ਨਹੀਂ ਕਰ ਸਕਦੇ ਹੋ ਤਾਂ ਉਸਨੂੰ ਤੁਹਾਨੂੰ ਕਾਨੂੰਨੀ ਸਹਾਇਤਾ ਏਜੰਸੀਆਂ ਜਾਂ ਪ੍ਰੋ ਬੋਨੋ (pro bono) ਅਟਾਰਨੀਆਂ ਦਾ ਹਵਾਲਾ ਦੇਣਾ ਚਾਹੀਦਾ ਹੈ



# ਮੈਂ ਸੰਯੁਕਤ ਰਾਜ ਵਿਚ ਕਾਨੂੰਨੀ ਰੂਪ ਵਿਚ ਕਿਸ ਤਰ੍ਹਾਂ ਰਹਿ ਸਕਦਾ/ਸਕਦੀ ਹਾਂ?

ਤੁਸੀਂ ਸੰਯੁਕਤ ਰਾਜ ਵਿਚ ਕੇਵਲ ਤਾਂ ਹੀ ਕਾਨੂੰਨੀ ਰੂਪ ਵਿਚ ਰਹਿ ਸਕਦੇ ਹੋ ਜੇ ਅਪ੍ਰਵਾਸ ਜੱਜ ਜਾਂ ਅਪ੍ਰਵਾਸ ਅਧਿਕਾਰੀ ਨੇ ਤੁਹਾਨੂੰ ਅਜਿਹਾ ਕਰਨ ਦੀ ਇਜ਼ਾਜ਼ਤ ਦੇ ਦਿੱਤੀ ਹੈ। ਅਪ੍ਰਵਾਸ ਜੱਜ ਜਾਂ ਅਪ੍ਰਵਾਸ ਅਧਿਕਾਰੀ ਤੁਹਾਡੇ ਕੇਸ ਦਾ ਅਧਿਐਨ ਕਰੇਗਾ ਅਤੇ ਕੀ ਤੁਸੀਂ ਕਾਨੂੰਨ ਦੇ ਅਧੀਨ ਤੁਹਾਨੂੰ ਸੁਰੱਖਿਆਵਾਂ ਲੈਣ ਦੇ ਯੋਗ ਹੋ ਜਾਂ ਨਹੀਂ।

ਸੰਯੁਕਤ ਰਾਜ ਦੇ ਅਪ੍ਰਵਾਸ ਨਾਲ ਸੰਬੰਧਤ ਕਾਨੂੰਨ ਗੁੰਝਲਦਾਰ ਹਨ, ਇਸ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਅਪ੍ਰਵਾਸ ਨਾਲ ਸੰਬੰਧਤ ਵਕੀਲ ਦੇ ਨਾਲ ਇਹ ਜਾਣਨ ਲਈ ਗੱਲ ਕਰਦੇ ਹੋ ਕਿ ਤੁਸੀਂ ਕਾਨੂੰਨੀ ਰੂਪ ਵਿਚ ਸੰਯੁਕਤ ਰਾਜ ਵਿਚ ਰਹਿਣ ਲਈ ਜੱਜ ਜਾਂ ਅਪ੍ਰਵਾਸ ਅਧਿਕਾਰੀ ਤੋਂ ਅਗਿਆ ਲੈ ਸਕਦੇ ਹੋ ਜਾਂ ਨਹੀਂ। ਭਾਵੇਂ ਕੇਵਲ ਜੱਜ ਜਾਂ ਅਪ੍ਰਵਾਸ ਅਧਿਕਾਰੀ ਹੀ ਹੈ ਜੋ ਇਹ ਨਿਰਣਾ ਕਰ ਸਕਦਾ ਹੈ ਕਿ ਤੁਸੀਂ ਰਹਿ ਸਕਦੇ ਹੋ ਜਾਂ ਨਹੀਂ, ਵਕੀਲ, ਅਪ੍ਰਵਾਸ ਜੱਜ ਜਾਂ ਅਪ੍ਰਵਾਸ ਅਧਿਕਾਰੀ ਨੂੰ ਇਹ ਦੱਸਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਅਪ੍ਰਵਾਸ ਦੇ ਕਾਨੂੰ ਤੁਹਾਨੂੰ ਕਾਨੂੰਨੀ ਤੌਰ ਤੇ ਇੱਥੇ ਰਹਿਣ ਦੇਣ ਦੀ ਇਜ਼ਾਜ਼ਤ ਦਿੰਦੇ ਹਨ।

ਜਦੋਂ ਤੁਸੀਂ ਕਿਸੇ ਵਕੀਲ ਨਾਲ ਗੱਲ ਕਰਦੇ ਹੋ, ਤਾਂ ਕੁਝ ਗੱਲਾਂ ਹਨ ਜੋ ਉਹ ਇਹ ਦੇਖਣ ਲਈ ਪੁੱਛਣੀਆਂ ਚਾਹਵੇਗਾ/ਚਾਹਵੇਗੀ ਕਿ ਤੁਸੀਂ ਕਾਨੂੰਨੀ ਰੂਪ ਵਿਚ ਇੱਥੇ ਰਹਿ ਸਕਦੇ ਹੋ ਜਾਂ ਨਹੀਂ:

**ਜੇ ਤੁਸੀਂ ਆਪਣੇ ਦੇਸ਼ ਵਾਪਸ ਜਾਣ ਤੋਂ ਡਰਦੇ ਹੋ**

ਜੇ ਤੁਸੀਂ ਆਪਣੇ ਦੇਸ਼ ਵਾਪਸ ਜਾਣ ਤੋਂ ਡਰਦੇ ਹੋ, ਕਿਉਂਕਿ ਤੁਸੀਂ ਸੋਚਦੇ ਹੋ ਕਿ ਕੋਈ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ, ਤਾਂ ਤੁਹਾਨੂੰ ਆਪਣੇ ਵਕੀਲ ਨੂੰ ਦੱਸਣਾ ਚਾਹੀਦਾ ਹੈ, ਕਿਉਂਕਿ ਤੁਸੀਂ ਜੱਜ ਨੂੰ ਇੱਥੇ ਰਹਿਣ ਦੀ ਇਜ਼ਾਜ਼ਤ ਦੇ ਲਈ ਕਹਿ ਸਕਦੇ ਹੋਵੋਗੇ। ਇਸ ਖਾਸ ਇਜ਼ਾਜ਼ਤ ਨੂੰ ''ਸ਼ਰਣ'' ਕਹਿੰਦੇ ਹਨ। ਸ਼ਰਣ ਇਸ ਲਈ ਦਿੱਤੀ ਜਾ ਸਕਦੀ ਹੈ ਕਿਉਂਕਿ ਤੁਹਾਡੇ ਦੇਸ਼ ਦੇ ਲੋਕਾਂ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ ਜਾਂ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਹੈ ਕਿਉਂਕਿ:

ਤੁਹਾਡੇ ਜਾਂ ਤੁਹਾਡੇ ਪਰਿਵਾਰ ਦੀਆਂ ਰਾਜਨੀਤਿਕ ਗਤੀਵਿਧੀਆਂ, ਕਾਰਵਾਈਆਂ, ਜਾਂ ਵਿਸ਼ਵਾਸ਼; ਤੁਹਾਡਾ ਧਰਮ, ਤੁਹਾਡੀ ਨਸਲਤਾ ਜਾਂ ਤੁਹਾਡੇ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ, ਜਾਂ ਕਿਉਂਕਿ ਤੁਸੀਂ ਤੁਹਾਡੇ ਸਮੂਹ ਵਿਚ ਕਿਸੇ ਖਾਸ ਸਮੂਹ ਨਾਲ ਸੰਬੰਧ ਰੱਖਦੇ ਹੋ; ਤੁਹਾਡਾ ਲਿੰਗਿਕ ਝੁਕਾਅ; ਤੁਹਾਡਾ ਲਿੰਗ, ਜਿਵੇਂ ਕਿ ਇਸਤਰੀ ਲਿੰਗ ਹੋਣਾ; ਸੈਨਿਕ ਬਣਨ ਜਾਂ ਕਿਸੇ ਗੈਂਗ ਵਿਚ ਸ਼ਾਮਲ ਹੋਣ ਤੋਂ ਤੁਹਾਡਾ ਇਨਕਾਰ।

**ਜੇ ਤੁਹਾਨੂੰ ਤੁਹਾਡੇ ਮਾਤਾ ਪਿਤਾ ਦੁਆਰਾ ਨੁਕਸਾਨ ਪਹੁੰਚਾਇਆ ਗਿਆ ਹੈ ਜਾਂ ਇਕੱਲਾ ਛੱਡ ਦਿੱਤਾ ਗਿਆ ਹੈ ਜਾਂ ਜੇ ਤੁਹਾਡੇ ਮਾਤਾ ਪਿਤਾ ਦੀ ਮ੍ਰਿਤੂ ਹੋ ਗਈ ਹੈ**

ਜੇ ਤੁਹਾਡੇ ਮਾਤਾ ਪਿਤਾ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ, ਜੇ ਤੁਹਾਨੂੰ ਨਹੀਂ ਪਤਾ ਕਿ ਉਹ ਕਿੱਥੇ ਹਨ, ਜਾਂ ਜੇ ਤੁਹਾਡੇ ਮਾਤਾ ਪਿਤਾ ਦੀ ਮੌਤ ਹੋ ਚੁੱਕੀ ਹੈ ਤਾਂ ਤੁਸੀਂ ਸੰਯੁਕਤ ਰਾਜ ਵਿਚ ਰਹਿਣ ਲਈ ਖਾਸ ਇਜ਼ਾਜ਼ਤ ਦੀ ਮੰਗ ਕਰਨ ਦੇ ਕਾਬਲ ਹੋ ਸਕਦੇ ਹੋ। ਇਸ ਇਜ਼ਾਜ਼ਤ ਨੂੰ ''ਸਪੈਸ਼ਲ ਇਮੀਗਰਾਂਟ ਜੁਵੇਨਾਇਲ ਸਟੇਟਸ'' ("Special Immigrant Juvenile Status") ਜਾਂ ''ਐਸ ਆਈ ਜੇ ਐਸ'' ("SIJS") ਕਹਿੰਦੇ ਹਨ। ਬਹੁਤੇ ਕੇਸਾਂ ਵਿਚ ਐਸ ਆਈ ਜੇ ਐਸ ("SIJS") ਲੈਣ ਲਈ ਤੁਹਾਨੂੰ 18 ਸਾਲ ਤੋਂ ਘੱਟ ਉਮਰ ਦੇ ਹੋਣਾ ਚਾਹੀਦਾ ਹੈ।

ਜੇ ਤੁਹਾਡੇ ਦੋਵੇਂ ਮਾਤਾ ਪਿਤਾ, ਤੁਹਾਨੂੰ ਮਾਰਦੇ ਹਨ, ਤੁਹਾਨੂੰ ਕਈਂ ਘੰਟੇ ਤੱਕ ਕੰਮ ਕਰਵਾਉਣ ਦੀ ਜ਼ਬਰਦਸਤੀ ਕਰਦੇ ਹਨ ਜਾਂ ਤੁਹਾਨੂੰ ਭੋਜਨ ਦੇਣ ਤੋਂ ਇਨਕਾਰ ਕਰ ਦਿੰਦੇ ਹਨ, ਤਾਂ ਤੁਹਾਨੂੰ ਆਪਣੇ ਵਕੀਲ ਨੂੰ ਦੱਸਣਾ ਚਾਹੀਦਾ ਹੈ। ਜੇ ਤੁਹਾਡੀ ਮਾਂ ਜਾਂ ਪਿਉ ਨਾਗਰਿਕ ਜਾਂ ਕਨੂੰਨੀ ਤੌਰ ਤੇ ਨਿਵਾਸੀ ਹੈ(ਹਨ) ਤਾਂ ਤੁਸੀਂ ਵੋਇਲੈਂਸ ਅਗੇਂਸਟ ਹਿਊਮਨ ਐਕਟ (ਵੀ ਏ ਡਬਲਿਯੂ ਏ) (Violence Against Women Act, VAWA) ਦੇ ਅਧੀਨ ਸੰਯੁਕਤ ਰਾਜ ਵਿਚ ਰਹਿਣ ਦੀ ਖਾਸ ਇਜ਼ਾਜ਼ਤ ਲਈ ਬੇਨਤੀ ਕਰ ਸਕਣ ਦੇ ਯੋਗ ਹੋ ਸਕਦੇ ਹੋ, ਪਰ ਇਹ ਮਹੱਤਵਪੂਰਨ ਹੈ ਕਿ ਤੁਹਾਡਾ ਵਕੀਲ ਅਤੇ ਜੱਜ ਜਾਣਦੇ ਹਨ ਕਿ ਤੁਸੀਂ ਘਰ ਵਿਚ ਸੁਰੱਖਿਅਤ ਨਹੀਂ ਹੋਵੋਗੇ।

**ਜੇ ਤੁਹਾਨੂੰ ਸੰਯੁਕਤ ਰਾਜ ਵਿਚ ਲਿਆਉਣ ਲਈ ਜ਼ਬਰਦਸਤੀ ਕੀਤੀ ਗਈ ਸੀ ਜਾਂ ਫਸਾਇਆ ਗਿਆ ਸੀ ਜਾਂ ਇਕ ਵਾਰ ਸੰਯੁਕਤ ਰਾਜ ਵਿਚ ਪਹੁੰਚਣ ਤੇ ਕੰਮ ਕਰਨ ਲਈ ਜ਼ਬਰਦਸਤੀ ਕੀਤੀ ਗਈ ਸੀ**

ਤੁਸੀਂ ਕਾਨੂੰਨੀ ਰੂਪ ਵਿਚ ਇੱਥੇ ਰਹਿਣ ਲਈ ਇਜ਼ਾਜ਼ਤ ਦੀ ਮੰਗ ਕਰ ਸਕਦੇ ਹੋ, ਜੇ ਤੁਹਾਨੂੰ ਸੰਯੁਕਤ ਰਾਜ ਵਿਚ ਲਿਆਉਣ ਦੇ ਲਈ ਜ਼ਬਰਦਸਤੀ ਕੀਤੀ ਗਈ ਸੀ ਜਾਂ ਇੱਥੇ ਲਿਆਉਣ ਲਈ ਫਸਾਇਆ ਗਿਆ ਸੀ ਅਤੇ ਫਿਰ ਤੁਹਾਡੇ ਨਾਲ ਅਜਿਹਾ ਕਰਨ ਲਈ ਜ਼ਬਰਦਸਤੀ ਕੀਤੀ ਗਈ ਸੀ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਸੀ, ਜਿਵੇਂ ਕਿ ਘੱਟ ਤਨਖਾਹ ਜਾਂ ਬਿਨਾਂ ਤਨਖਾਹ ਦੇ ਲੰਬੇ ਕੰਮਕਾਰੀ ਘੰਟੇ। ਰਹਿਣ ਦੇ ਲਈ ਇਸ ਖਾਸ ਇਜ਼ਾਜ਼ਤ ਦੇ ਲਈ ਵਰਤੀ ਜਾਂਦੀ ਕਾਨੂੰਨੀ ਸ਼ਬਦਾਵਲੀ ''ਟੀ ਵੀਜ਼ਾ'' ਹੈ।

**ਜੇ ਤੁਸੀਂ ਸੰਯੁਕਤ ਰਾਜ ਦੇ ਵਿਚ ਖਾਸ ਕਿਸਮ ਦੇ ਅਪਰਾਧਾਂ ਦੇ ਪੀੜ੍ਹਿਤ ਰਹੇ ਹੋ ਅਤੇ ਤੁਸੀਂ ਪੁਲਿਸ ਦੇ ਨਾਲ ਸਹਿਯੋਗ ਕੀਤਾ ਹੈ।**

ਜੇ ਤੁਹਾਨੂੰ ਸੱਟ ਲੱਗੀ ਸੀ ਜਾਂ ਤੁਹਾਡੇ ਨੇੜਲੇ ਕਿਸੇ ਵਿਅਕਤੀ ਨੂੰ ਸੱਟ ਲੱਗੀ ਸੀ ਅਤੇ ਕਿਸੇ ਨੇ ਇਸ ਕਰਕੇ ਪੁਲਿਸ ਨੂੰ ਬੁਲਾ ਲਿਆ, ਤਾਂ ਤੁਸੀਂ ਸੰਯੁਕਤ ਰਾਜ ਵਿਚ ਰਹਿਣ ਦੇ ਲਈ ਇਜ਼ਾਜ਼ਤ ਮੰਗਣ ਦੇ ਕਾਬਲ ਹੋ ਸਕਦੇ ਹੋ ਜੇ ਤੁਸੀਂ ਕਿਸੇ ਤਰੀਕੇ ਨਾਲ ਪੁਲਿਸ ਦੀ ਮਦਦ ਕੀਤੀ ਹੈ (ਜਿਵੇਂ ਕਿ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ)। ਰਹਿਣ ਦੇ ਲਈ ਇਸ ਖਾਸ ਇਜ਼ਾਜ਼ਤ ਦੇ ਲਈ ਵਰਤੀ ਜਾਂਦੀ ਕਾਨੂੰਨੀ ਸ਼ਬਦਾਵਲੀ ''ਯੂ ਵੀਜ਼ਾ'' ਹੈ।

**ਜੇ ਤੁਸੀਂ ਲੰਬੇ ਸਮੇਂ ਤੋਂ ਸੰਯੁਕਤ ਰਾਜ ਵਿਚ ਰਹਿੰਦੇ ਰਹੇ ਹੋ ਅਤੇ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਕਾਨੂੰਨੀ ਦਰਜ਼ਾ ਹਾਸਲ ਹੈ**

ਇਹ ਵੀ ਕਿ ਜੇ ਤੁਹਾਡੇ ਮਾਤਾ ਜਾਂ ਪਿਤਾ ਕਾਨੂੰਨੀ ਰੂਪ ਵਿਚ ਸੰਯੁਕਤ ਰਾਜ ਵਿਚ ਰਹਿ ਰਹੇ ਹਨ, ਤਾਂ ਉਹ ਸਰਕਾਰ ਨੂੰ ਤੁਹਾਨੂੰ ਉਨ੍ਹਾਂ ਦੇ ਨਾਲ ਇੱਥੇ ਸਥਾਈ ਰੂਪ ਵਿਚ ਰਹਿਣ ਦੇਣ ਲਈ ਕਹਿ ਸਕਦੇ ਹਨ। ਹੋ ਸਕਦਾ ਹੈ ਇਹ ਤੁਰੰਤ ਨਾ ਹੋਵੇ। ਤੁਹਾਨੂੰ ਕੁਝ ਸਮੇਂ ਦੇ ਲਈ ਆਪਣੇ ਦੇਸ਼ ਜਾਣਾ ਪੈ ਸਕਦਾ ਹੈ ਜਦੋਂ ਤੱਕ ਸਰਕਾਰ ਤੁਹਾਨੂੰ ਸੰਯੁਕਤ ਰਾਜ ਵਿਚ ਵਾਪਸ ਪਰਤਣ ਦੀ ਆਗਿਆ ਦਿੰਦੀ ਹੈ। ਜੇ ਸੰਯੁਕਤ ਰਾਜ ਵਿਚ ਤੁਹਾਡਾ ਭਰਾ ਜਾਂ ਭੈਣ ਕਾਨੂੰਨੀ ਰੂਪ ਵਿਚ ਰਹਿ ਰਿਹਾ ਹੈ ਤਾਂ ਉਹ ਵੀ ਇਸੇ ਤਰ੍ਹਾਂ ਤੁਹਾਡੀ ਮਦਦ ਕਰਨ ਦੇ ਕਾਬਲ ਹੋ ਸਕਦਾ ਹੈ।

ਜੇ ਤੁਸੀਂ ਘਰ ਜਾਣ ਤੋਂ ਡਰਦੇ ਹੋ ਜਾਂ ਘਰ ਨਹੀਂ ਜਾ ਸਕਦੇ, ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਵਕੀਲ ਨੂੰ ਸੱਚ ਦੱਸਦੇ ਹੋ ਤਾਂ ਕਿ ਉਹ ਸੰਯੁਕਤ ਰਾਜ ਵਿਰ ਰਹਿ ਸਕਣ ਦੇ ਲਈ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਸਕੇ। ਕਈਂ ਵਾਰ ਕੁਝ ਗੱਲਾਂ ਕਰਨ ਦੇ ਨਾਲ ਤੁਸੀਂ ਬੇਚੈਨ ਹੋ ਸਕਦੇ ਹੋ, ਪਰ ਇਹ ਮਹੱਤਵਪੂਰਨ ਹੈ ਕਿ ਤੁਹਾਡਾ ਵਕੀਲ ਅਤੇ ਜੱਜ ਜਾਣਦਾ ਹੈ ਕਿ ਤੁਸੀਂ ਘਰ ਵਿਚ ਸੁਰੱਖਿਅਤ ਨਹੀਂ ਹੋਵੋਗੇ।



## ਤਾਂ ਕੀ ਹੋਏਗਾ, ਜੇ ਜੱਜ ਕਹਿੰਦਾ ਹੈ ਕਿ ਮੈਂ ਸੰਯੁਕਤ ਰਾਜ ਵਿਚ ਨਹੀਂ ਰਹਿ ਸਕਦਾ/ਸਕਦੀ?

